# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ ॥

ਨਵੰਬਰ ੧੯੭੬

NO 1976



ਸੱਚ ਦਾ ਸੂਰਜ ਕਤਕ ਪੂਰਨਮਾਸ਼ੀ (੧੪੬੯ ਈਸਵੀ) ਨੂੰ
ਰਾਏ ਭੋਇ ਦੀ ਭਲਵੰਡੀ ( ਅਜ ਕਲ ਨਨਕਾਣਾ ਸਾਹਿਬ ) ਵਿਖੇ ਪਰਗਟ ਹੋਇਆ

www.AKJ.Org

ਡੀ. ਪੀ ਆਈ. ਪੰਜਾਬ ਵਲੋਂ ਚਿੱਠੀ ੩/੭੦-੬੮-੨੧ (ਮਿਤੀ-੧੭-੧੦-੬੮ ਅ. ਪ.) ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਯਕ ਨਿਗਾਹੇ ਆਂ ਕਿ (ਫ਼ਾਰਸੀ ਗ਼ਜ਼ਲ) | ਭਾਈ ਨੰਦ ਲਾਲ ਜੀ | ੧ |
| ਉਸ ਦੇ ਅੰਮ੍ਰਿਤ-ਨੈਣਾਂ ਅੰਦਰ (ਪੰਜਾਬੀ ਕਾਵਿ ਰੂਪ) | ਸ: ਵਿਧਾਤਾ ਸਿੰਘ ਜੀ ਤੀਰ | ੨ |
| ਗੁਰਮੁਖਾਂ ਦੇ ਦੁਆਲੇ ਚੌਕੀ (੨) | ਭਾਈ ਸਾਹਿਬ ਰਣਧੀਰ ਸਿੰਘ ਜੀ | ੩ |
| ਪੋਥੀ ਪਰਮੇਸਰ ਕਾ ਥਾਨੁ | ਸੂਰਾ ਪਰਵਾਰ | ੭ |
| ਰਿਧਿ ਸਿਧਿ ਅਵਰਾ ਸਾਦ | ਸਾਰੰਗ ਜੀ, ਕਪੂਰਥਲਾ | ੮ |
| ਇਹੁ ਮਨੁ ਅੰਧਾ ਬੋਲਾ ਹੈ ਕਿਸੁ ਆਖਿ ਸੁਣਾਏ ? (ਕਵਿਤਾ) | ਡਾ: ਖ਼ਜ਼ਾਨ ਸਿੰਘ ਜੀ | ੧੨ |
| ਗੁਰ - ਦੀਖਿਆ - ਅੰਮ੍ਰਿਤ (੨) | ਭਾਈ ਸਾਹਿਬ ਜੋਗਿੰਦਰ ਸਿੰਘ ਜੀ | ੧੩ |
| ਵਾਹਿਗੁਰੂ ਅਗੇ ਅਰਦਾਸ (ਕਵਿਤਾ) | ਬੀਬੀ ਜਗਜੀਤ ਕੌਰ ਜੀ | ੧੭ |
| ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ | ਭਾਈ ਸਾਹਿਬ ਡਾ: ਵੀਰ ਸਿੰਘ ਜੀ | ੧੮ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਸਾਖੀਆਂ | ,, ,, ,, | ੨੦ |
| ਗੁਰਮੁਖ ਬੀਬੀਆਂ | ਸ: ਵਰਿਆਮ ਸਿੰਘ ਜੀ | ੨੧ |
| ਪੰਥ-ਸਾਜਨਾ ਸਮੇਂ ਬੰਦ ਤੰਬੂ ਵਿਚਲਾ ਕੌਤਕ | ਜੇ. ਪੀ. ਸੰਗਤ ਸਿੰਘ ਜੀ | ੨੩ |
| ਗੁਰੂ "ਨਾਨਕ ਨਾਮੁ ਮਿਲੈ ਤਾਂ ਜੀਵਾਂ" (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿਤਰ | ੨੭ |
| ਕੀ ਇਹ ਅਖੰਡ ਕੀਰਤਨ ਹੈ ? | ਸ: ਮਾਲਕ ਸਿੰਘ ਜੀ, ਜੰਮੂ | ੨੮ |
| ਪ੍ਰਿਥਮ ਭਗਉਤੀ ਸਿਮਰ ਕੈ | ਗਿਆਨੀ ਮਹਾਂ ਸਿੰਘ ਜੀ | ੩੦ |
| ਕੀਰਤਨ ਦਰਬਾਰ ? | ਸੂਰਾ ਪਰਵਾਰ | ੩੩ |
| ਤਿਮਰ ਅਗਿਆਨ ਤੋਂ ਚਾਨਣਾ (ਨਿਰੰਕਾਰੀ ਗੁਰਪੁਰਬ) | ਭਾ: ਸਾ: ਰਣਧੀਰ ਸਿੰਘ ਜੀ | ੩੫ |
| ਕੀ ਇਹ ਦੰਭ ਚਲਦਾ ਰਹੇਗਾ ? | ਗੁਰਮਤਿ ਵਿਚਾਰ ਪਤ੍ਰਕਾ | ੪੦ |


## ਗੁਰੂ ਨਾਨਕ ਦੇਵ ਜੀ ਅਵਤਾਰ ਧਾਰਿਆ ੬ ਨਵੰਬਰ

ਗੁਰੂ ਗੋਬਿੰਦ ਸਿੰਘ ਜੀ ਗੁਰਿਆਈ ੨੪ ਨਵੰਬਰ ਗੁਰੂ ਤੇਗ ਬਹਾਦਰ ਜੀ ਸ਼ਹੀਦੀ ੨੫ ਨਵੰਬਰ

## DAWN OF DIVINE WISDOM

ਉਪਰੋਕਤ ਟ੍ਰੈਕਟ ਬਾਰੇ ਅਕਤੂਬਰ ਦੇ ਪਰਚੇ ਵਿਚ ਦਿਤਾ ਗਿਆ ਸੀ ਕਿ ਜਿਹੜੇ ਪ੍ਰਾਣੀ ਗੁਰਸਿਖੀ ਦੇ ਦਰਸ਼ਨ ਗੁਰੂ ਨਾਨਕ ਸਾਹਿਬ ਜੀ ਦੀ ਗੋਦ ਵਿਚ ਬੈਠ ਕੇ ਕਰਨਾ ਚਾਹੁੰਦੇ ਹਨ, ਉਨ੍ਹਾਂ ਵਾਸਤੇ ਇਹ ਟ੍ਰੈਕਟ ਦੁਰਲਭ ਹੈ। ਦੂਰ ਦੇਸਾਂ ਵਿਚ ਨਵੇਂ ਸਜੇ ਗੁਰਸਿਖਾਂ ਲਈ ਇਹ ਟ੍ਰੈਕਟ ਬਹੁਤ ਲਾਭਦਾਇਕ ਹੋਵੇਗਾ।


ਇਹ ਟ੍ਰੈਕਟ ਭੇਜਣ ਲਈ ਕਈ ਪ੍ਰੇਮ-ਪਾਤੀਆਂ ਪੁਜ ਰਹੀਆਂ ਹਨ। ਸਮੂਹ ਸਜਣਾਂ ਪਾਸ ਬਿਨੈ ਹੈ ਕਿ ਆਉਂਦੀ ਪੋਹ ਸੁਦੀ ਸਪਤਮੀ ਤੇ ਦਸਮੇਸ਼ ਜੀ ਦੇ ਪ੍ਰਕਾਸ਼-ਉਤਸ਼ਵ ਗੁਰਪੁਰਬ ਸਮੇਂ ਤਕ ਇਹ ਟ੍ਰੈਕਟ ਛਪ ਜਾਏਗਾ। ਸਮੂਹ ਗੁਰਮੁਖ ਸਜਣ ਆਪੋ ਆਪਣੇ ਆਰਡਰ ਛੇਤੀ ਭੇਜ ਦੇਵੋ ਤਾਕਿ ਉਨੀ ਗਣਤੀ ਵਧ ਛਾਪ ਸਕੀਏ। ਦਾਸ—ਮੈਨੇਜਰ, ਸੂਰਾ, ਮਾਈ ਸੇਵਾਂ, ਅੰਮ੍ਰਿਤਸਰ।

ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੧੧.੭੬ ਨੂੰ ਪ੍ਰਕਾਸ਼ਤ ਕੀਤਾ।

ਟੈਲੀਫੂਨ ਨੰਬਰ 51847

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





ਸਲਾਨਾ ਚੰਦਾ ੮–੦੦
ਪਰਦੇਸ ੧੮–੫੦
ਹਵਾਈ ਰੇਟ ਵੱਖ ਵੱਖ
ਇਕ ਪਰਚਾ ੦–੭੫



**ਸੰਪਾਦਕੀ ਬੋਰਡ**
ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



**ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ**

ਜਿਲਦ ੧੦ ਨਵੰਬਰ ੧੯੭੬ ਅੰਕ ੧੧


# ਯਕ ਨਿਗਾਹੇ ਆਂ ਕਿ

ਮੇ ਬੁਰਦ ਦੀਨੋ ਦਿਲਮ, ਈਂ ਚਸ਼ਮਿ ਸ਼ੋਖ਼।
ਮੇ ਕੁਸ਼ਦ ਅਜ਼ ਚਾਹਿ ਗ਼ਮ-ਹਾ, ਚਸ਼ਮਿ ਸ਼ੋਖ਼ ॥੧॥
ਕਾਕਲਿਸ਼ ਫ਼ਿਤਨਾ ਜ਼ਨ ਈਂ ਆਲਮ ਅਸਤ।
ਰੌਨਕਿ ਅਫ਼ਜ਼ਾਇ ਜਹਾਂ, ਈਂ ਚਸ਼ਮਿ ਸ਼ੋਖ਼ ॥੨॥
ਖ਼ਾਕਿ ਪਾਇ ਰੌਸ਼ਨੀ-ਇ ਦਿਲ ਬੁਵਦ।
ਹਾਦੀਏ ਰਾਹਿ ਖ਼ੁਦਾ ਰਾ, ਚਸ਼ਮਿ ਸ਼ੋਖ਼ ॥੩॥
ਕੈ ਕੁਨਦ ਸੂਏ ਗੁਲੋ ਨਰਗਸ ਨਿਗਾਹ।
ਹਰ ਕਿ ਦੀਦਹ ਲਜ਼ਤਿ ਆਂ ਚਸ਼ਮਿ ਸ਼ੋਖ਼ ॥੪॥
ਹਰ ਕਿ ਰਾ 'ਗੋਇਆ' ਗ਼ੁਬਾਰਿ ਦਿਲ ਬਸ਼ੁਸਤ।
ਯਕ ਨਿਗਾਹਿ ਆਂ ਕਿ ਦੀਦਹ ਚਸ਼ਮਿ ਸ਼ੋਖ਼ ॥੫॥

[ਪੰਜਾਬੀ ਉਲਥਾ ਵੇਖੋ ਸਫ਼ਾ ੨] [ਭਾਈ ਨੰਦ ਲਾਲ ਜੀ, ਗ਼ਜ਼ਲ ੧੮


ਚਿੱਠੀ ਪੱਤਰ ਤੇ ਰਕਮ ਭੇਜਣ ਲਈ :—
ਮੈਨੇਜਰ 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ ...


www.AKJ.Org

## ਉਸ ਦੇ ਅੰਮ੍ਰਿਤ-ਨੈਣਾਂ ਅੰਦਰ

ਮੁਰਸ਼ਦ ਤੇਰੀ ਤਿਰਛੀ ਤਕਣੀ, ਦਿਲੋ ਦੀਨ ਖੋਹ ਲੈਂਦੀ।
ਪਰ ਕਮਾਲ ਹੈ ਮੁੜ ਕੇ ਜਿੰਦੜੀ, ਗ਼ਮ ਦੇ ਖੂਹ ਨਹੀਂ ਪੈਂਦੀ ॥੧॥
ਜ਼ੁਲਫ਼ ਓਸ ਦੀ ਦੁਨੀਆ ਅੰਦਰ, ਲਖ ਭੁੰਚਾਲ ਲਿਆਵੇ।
ਤਿਰਛੀ ਅੱਖ ਉਸ ਦੀ ਪਰ ਜਗ ਨੂੰ, ਰੌਣਕ ਦਏ, ਖਿੜਾਵੇ ॥੨॥
ਖ਼ਾਕ ਪਾਕ ਉਸ ਦੇ ਕਦਮਾਂ ਦੀ, ਘੁਪ ਦਿਲ ਨੂੰ ਰੁਸ਼ਨਾਵੇ।
ਉਸ ਦੀ ਤਿਰਛੀ ਅੱਖ ਰਹਿਬਰ ਹੋ, ਰੱਬ ਦੇ ਰਾਹ ਲੈ ਜਾਵੇ ॥੩॥
ਸੁੰਦਰ ਦਾ ਰਸ ਮਾਣਿਆ ਜਿਸ ਨੇ, ਉਹ ਵੀ ਸੁੰਦਰ ਹੋਇਆ।
ਉਹ ਗੁਲਾਬ ਨਰਗਸਾਂ ਉਤੇ, ਭੁੱਲ ਕੇ ਵੀ ਨਹੀਂ ਮੋਇਆ ॥੪॥
ਉਸ ਦੇ ਅੰਮ੍ਰਿਤ-ਨੈਣਾਂ ਅੰਦਰ, ਲਾਇਆ ਜਿਸ ਨੇ ਗ਼ੋਤਾ।
ਮਸਤੀ ਚੜ੍ਹੀ ਇਲਾਹੀ ਉਸ ਨੂੰ, ਤਨ ਮਨ ਉਸ ਨੇ ਧੋਤਾ ॥੫॥

[ਸ: ਵਿਧਾਤਾ ਸਿੰਘ ਜੀ 'ਤੀਰ'

## ਫ਼ਾਰਸੀ ਗ਼ਜ਼ਲ ਦੇ ਔਖੇ ਪਦਾਂ ਦੇ ਅਰਥ

ਮੇ ਬੁਰਦ–ਲੈ ਜਾਂਦੀ ਹੈ। ਦੀਨੋ–ਧਰਮ ਅਤੇ। ਦਿਲਮ–ਮੇਰਾ ਦਿਲ। ਈਂ–ਇਹ। ਚਸ਼ਮ–ਅੱਖ। ਚਸ਼ਮਿ ਸ਼ੋਖ–ਮਨਮੋਹਣੇ ਨੇਤਰ। ਮੇ ਕਸ਼ਦ–ਖਿਚ ਲੈਂਦੀ ਹੈ। ਅਜ਼–ਤੋਂ। ਅਜ਼ ਚਾਹਿ ਗ਼ਮ-ਹਾ–ਗ਼ਮਾਂ ਦੇ ਖੂਹ ਚੋਂ। ਭਾਵ ਪ੍ਰੀਤਮ ਦੇ ਸੁੰਦਰਾਲੇ ਨੇਤਰ ਦਿਲ ਅਤੇ ਧਰਮ-ਈਮਾਨ ਸਭ ਕੁਝ ਖੋਹ ਲੈ ਜਾਂਦੇ ਹਨ ਅਤੇ ਦੁਖਾਂ ਤੋਂ ਛੁਟਕਾਰਾ ਦਿਵਾ ਦਿੰਦੇ ਹਨ।੧।

ਕਾਕਲਿਸ਼–ਮਥੇ ਸਾਹਮਣੇ ਦੇ ਸੁੰਦਰ ਕੇਸ਼। ਫ਼ਿਤਨਾ ਜ਼ਨ–ਹਲਚਲ ਮਚਾਣ ਵਾਲੇ। ਆਲਮ–ਸੰਸਾਰ। ਅਸਤ–ਹੈ। ਰੌਨਕਿ ਅਫ਼ਜ਼ਾਇ ਜਹਾਂ–ਸੰਸਾਰ ਦੀ ਰੌਣਕ ਵਧਾਣ ਵਾਲੇ। ਭਾਵ, ਜਿਥੇ ਪ੍ਰੀਤਮ ਦੇ ਸੋਹਣੇ ਕੇਸ ਦਰਸ਼ਕਾਂ ਦੇ ਅੰਦਰ ਹਲਚਲ ਮਚਾ ਦਿੰਦੇ ਹਨ ਉਥੇ ਉਸ ਪਿਆਰੇ ਦੇ ਸੁੰਦਰਾਲੇ ਨੇਤਰ ਦੁਨੀਆ ਭਰ ਦੀ ਰੌਣਕ ਵਧਾਣ ਵਾਲੇ ਹਨ।੨।

ਖ਼ਾਕਿ ਪਾਇ–ਚਰਨਾਂ ਦੀ ਧੂੜ। ਬਵਦ–ਹੁੰਦੀ ਹੈ। ਹਾਦੀ–ਰਾਹ ਦਸਣ ਵਾਲਾ ਆਗੂ। ਭਾਵ, ਜਿਥੇ ਪ੍ਰੀਤਮ ਦੀ ਚਰਨ-ਧੂੜ ਦਿਲ ਲਈ ਰੋਸ਼ਨ-ਮੀਨਾਰ ਹੈ ਉਥੇ ਉਸ ਦੇ ਸੁੰਦਰਾਲੇ ਨੇਤਰ ਵਾਹਿਗੁਰੂ ਦੇ ਰਾਹ ਤੇ ਪਾਉਣ ਦੀ ਅਗਵਾਈ ਕਰਦੇ ਹਨ।੩।

ਕੈ–ਕਦੀ। ਕੁਨਦ–ਕਰੇ। ਸੂ–ਵਲ, ਪਾਸੇ। ਸੂਏ ਗੁਲੋ–ਫੁਲਾਂ ਵਲ। ਨਰਗਸ ਨਿਗਾਹ–ਨਰਗਸ ਵਰਗੀ ਅੱਖ ਦੀ ਤਕਣੀ। ਹਰ ਕਿ–ਜਿਹੜਾ ਵੀ। ਭਾਵ ਜਿਸ ਕਿਸੇ ਨੇ ਵੀ ਪ੍ਰੀਤਮ ਦੇ ਸੁੰਦਰਾਲੇ ਨੇਤਰਾਂ ਅਤੇ ਨਰਗਸ ਵਰਗੀ ਅੱਖ ਦੀ ਤਕਣੀ ਦਾ ਰਸ ਮਾਣਿਆ ਹੈ ਉਹ ਫਿਰ ਹੋਰ ਹੋਰ ਫੁਲਾਂ ਵਲ ਕਦੇ ਨਹੀਂ ਝਾਕਦਾ।੪।

ਗ਼ੁਬਾਰ–ਮੈਲ। ਬਸ਼ੁਸਤ–ਧੋਤੀ ਹੈ। ਭਾਵ, ਜਿਸ ਕਿਸੇ ਨੇ ਵੀ ਪ੍ਰੀਤਮ ਪਿਆਰੇ ਦੇ ਸੁੰਦਰਾਲੇ ਨੇਤਰਾਂ ਵਲ ਇਕ ਨਿਗਾਹ ਭਰ ਕੇ ਝਾਕਿਆ ਹੈ ਉਸ ਦੀ ਦਿਲ ਦੀ ਮੈਲ ਧੋਤੀ ਜਾਂਦੀ ਹੈ।੫।


www.AKJ.Org

# ਗੁਰਮੁਖਾਂ ਦੇ ਦੁਆਲੇ ਚੌਕੀ (੨)

[ਵਲੋਂ--ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਹਰਿ ਕੇ ਸੇਵਕ ਸੇ ਹਰਿ ਪਿਆਰੇ ਜਿਨ ਜਪਿਓ ਹਰਿ ਬਚਨਾਰੀ ॥ ਲੇਖਾ ਚਿਤ੍ਰ ਗੁਪਤਿ ਜੋ ਲਿਖਿਆ ਸਭ ਛੂਟੀ ਜਮ ਕੀ ਬਾਕੀ ॥ [ਧਨਾਸਰੀ ਮ: ੪, ਪੰਨਾ ੬੬੮

ਵਿਆਖਿਆ :—ਜਿਨ੍ਹਾਂ ਗੁਰਮੁਖਾਂ ਨਾਮ ਸਿਮਰਨ-ਹਾਰੇ ਸੇਵਕਾਂ ਭਗਤਾਂ ਨੇ ਵਾਹਿਗੁਰੂ ਨਾਮ ਨੂੰ ਗੁਰਬਾਣੀ ਰੂਪ ਹਰਿ ਬਚਨਾਂ ਦੀ ਰੋਸ਼ਨੀ ਅੰਦਰ ਜਪਿਆ ਹੈ, ਤਿਨ੍ਹਾਂ ਦੀ ਜਮ ਦੀ ਬਾਕੀ ਸਭ ਛੁਟ ਗਈ ਹੈ। ਤਿਨ੍ਹਾਂ ਨਮਿਤ ਲਿਖਿਆ ਹੋਇਆ ਚਿਤਰ ਗੁਪਤ ਦਾ ਲੇਖਾ ਭੀ ਸਭ ਮੁਕ ਚੁਕ ਗਿਆ ਹੈ। ਇਸ ਗੁਰਵਾਕ ਦੁਆਰਾ ਨਾ ਸਿਰਫ ਜਮ ਦੀ ਹੋਂਦ ਹੀ ਸਿਧ ਹੋਈ, ਬਲਕਿ ਚਿਤਰ ਗੁਪਤ ਦੀ ਹੋਂਦ ਭੀ ਸਿਧ ਹੋ ਗਈ, ਜੋ ਧਰਮਰਾਇ ਦੇ ਮੁਨਸ਼ੀ ਜੀਵਾਂ ਦਾ ਲੇਖਾ ਲਿਖਣ ਲਈ ਰਖੇ ਹੋਏ ਹਨ। ਚਿਤਰ ਗੁਪਤ ਪਰਥਾਇ ਵੱਖਰੇ ਕਾਂਡ ਵਿਚ ਖ਼ਾਸ ਜ਼ਿਕਰ ਆਵੇਗਾ।

ਗੁਣ ਨਿਧਾਨੁ ਰਿਦ ਭੀਤਰਿ ਵਸਿਆ ਤਾ ਦੂਖੁ ਭਰਮ ਭਉ ਭਾਗਾ ॥ ਭਈ ਪਰਾਪਤਿ ਵਸਤੁ ਅਗੋਚਰ ਰਾਮ ਨਾਮਿ ਰੰਗੁ ਲਾਗਾ ॥ ਚਿੰਤ ਅਚਿੰਤਾ ਸੋਚ ਅਸੋਚਾ ਸੋਗੁ ਲੋਭੁ ਮੋਹੁ ਥਾਕਾ ॥ ਹਉਮੈ ਰੋਗ ਮਿਟੇ ਕਿਰਪਾ ਤੇ ਜਮ ਤੇ ਭਏ ਬਿਬਾਕਾ ॥ ਗੁਰ ਕੀ ਟਹਲ ਗੁਰੂ ਕੀ ਸੇਵਾ ਗੁਰ ਕੀ ਆਗਿਆ ਭਾਣੀ ॥ ਕਹੁ ਨਾਨਕ ਜਿਨਿ ਜਮ ਤੇ ਕਾਢੇ ਤਿਸੁ ਗੁਰ ਕੈ ਕੁਰਬਾਣੀ ॥ [ਧਨਾਸਰੀ ਮ: ੫, ਪੰਨਾ ੬੭੧

ਵਿਆਖਿਆ :—ਜਿਨ੍ਹਾਂ ਗੁਰਮੁਖਾਂ ਦੇ ਰਿਦੇ ਅੰਦਰ ਗੁਰਮਤਿ ਨਾਮ ਵਾਹਿਗੁਰੂ ਦੀ ਅਤੁਟ ਅਭਿਆਸ ਕਮਾਈ ਦੁਆਰਾ ਖ਼ੁਦ ਵਾਹਿਗੁਰੂ ਗੁਣੀ ਨਿਧਾਨ ਆ ਵਸਿਆ ਹੈ, ਤਿਨ੍ਹਾਂ ਦਾ ਜਨਮ ਮਰਣ ਦਾ ਦੁਖ ਅਤੇ ਹਰ ਪਰਕਾਰ ਦਾ ਭਰਮ ਤੇ ਭਉ ਦੂਰ ਹੋ ਗਿਆ ਹੈ। ਇਹ ਸਭ ਕੁਛ ਇਸ ਕਰਕੇ ਹੋਇਆ ਕਿ ਤਿਨ੍ਹਾਂ ਨੂੰ ਗੁਰੂ-ਦੁਆਰਿਓਂ ਗੁਰਮਤਿ ਨਾਮ ਰੂਪੀ ਅਗੋਚਰ ਵਸਤੂ ਪ੍ਰਾਪਤਿ ਹੋਈ, ਜਿਸ ਦੀਆਂ ਅਭਿਆਸ ਕਮਾਈਆਂ ਕਰਿ ਕਰਿ ਤਿਨ੍ਹਾਂ ਦੇ ਘਟ ਅੰਦਰ ਵਾਹਿਗੁਰੂ ਨਾਮ ਹੀ ਜੋਤਿ ਪਰਕਾਸ਼ਕ ਰੰਗਾਂ ਵਿਚ ਪਰਗਟ ਹੋਇਆ ਹੈ। ਤੇ (ਉਹ) ਜਨ ਹਰਿ ਪਰਕਾਰ ਦੀ ਚਿੰਤਾ ਫ਼ਿਕਰ ਕਰਨੋਂ ਅਚਿੰਤ ਅਤੇ ਬੇਫ਼ਿਕਰ ਹੋ ਗਏ ਹਨ ਅਤੇ ਸੋਚਾਂ ਸੋਚਣੋਂ ਅਸੋਚ ਹੋ ਗਏ ਹਨ। ਤਿਨ੍ਹਾਂ ਦੇ ਹਰ ਪਰਕਾਰ ਦੇ ਰੰਜ ਗ਼ਮ ਅਤੇ ਲੋਭ ਮੋਹ ਮੁਕ ਗਏ ਅਤੇ ਵਾਹਿਗੁਰੂ ਦੀ ਕਿਰਪਾ ਦੁਆਰਾ ਤਿਨ੍ਹਾਂ ਦੇ ਹਉਮੈ ਰੋਗ ਭੀ ਮਿਟ ਗਏ। ਤੇ (ਉਹ) ਜਨ ਜਮ ਤੋਂ ਭੀ ਬੇਬਾਕ (ਬੇਖ਼ੌਫ਼) ਹੋ ਗਏ। ਤਿਨ੍ਹਾਂ ਅਨਿੰਨ ਗੁਰਸਿਖਾਂ ਨੂੰ ਗੁਰੂ ਕੀ ਆਗਿਆ ਅਤੇ ਗੁਰੂ ਦੇ ਹੁਕਮਾਂ ਦੇ ਪਾਲਨ ਰੂਪੀ ਟਹਿਲ ਸੇਵਾ ਹੀ ਭਾਈ ਹੈ, ਹੋਰ ਕੁਛ ਨਹੀਂ ਭਾਇਆ। ਤਿਨ੍ਹਾਂ ਨੂੰ ਸਤਿਗੁਰੂ ਨੇ ਬਾਂਹ ਫੜ ਕੇ ਜਮ ਦੇ ਜੱਫੇ ਤੋਂ ਬਾਹਰ ਕਢ ਲਿਆ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਜਮ ਤੋਂ ਛੁਡਾਉਣ ਵਾਲੇ ਗੁਰੂ ਵਿਟਹੁ ਕੁਰਬਾਨ ਹੋ ਜਾਣਾ ਚਾਹੀਦਾ ਹੈ। ਇਸ ਗੁਰਵਾਕ ਤੋਂ ਸਿਧ ਹੋਇਆ ਕਿ ਗੁਰੂ ਸਾਹਿਬਾਨ ਦਾ ਉਤਮ ਉਦੇਸ਼ਾਂ ਵਿਚੋਂ ਇਕ ਉਦੇਸ਼ ਜੀਵਾਂ ਨੂੰ ਜਮ ਤੋਂ ਛੁਡਾਉਣ ਦਾ ਭੀ ਹੈ। ਇਸ ਇਕੋ ਗੁਰਵਾਕ ਅੰਦਰ ਦੋ ਵਾਰ ਜਮ ਦਾ ਜ਼ਿਕਰ ਆਇਆ ਹੈ। ਕੀ ਐਵੇਂ ਫ਼ਾਲਤੂ ਹੀ ਆਇਆ ਹੈ? ਹਰਗਿਜ਼ ਨਹੀਂ। ਸਗੋਂ ਜਮ ਦੀ ਯਕੀਨੀ ਹੋਂਦ ਉਤੇ ਖ਼ਾਸ ਜ਼ੋਰ ਦਿਤਾ ਹੈ।

ਸਾਗਰ ਤਰਿਆ ਸਾਧੂ ਸੰਗੇ ॥ ਨਿਰਭਉ ਨਾਮੁ ਜਪਹੁ ਹਰਿ ਰੰਗੇ ॥ ਪਰਧਨ ਦੋਖ ਕਿਛੁ ਪਾਪ ਨ ਫੇੜੇ ॥ ਜਮ ਜੰਦਾਰੁ ਨ ਆਵੈ ਨੇੜੇ ॥

[ਧਨਾਸਰੀ ਮ: ੫, ਪੰਨਾ ੬੭੪

ਵਿਆਖਿਆ :—ਜਿਨ੍ਹਾਂ ਪਿਆਰਿਆਂ ਨੇ ਨਿਰਭਉ ਨਾਮੁ ਵਾਹਿਗੁਰੂ ਆਤਮ ਰੰਗਾਂ ਵਿਚ ਜਪਿਆ ਹੈ ਅਤੇ ਸਦਾ ਸਤਿਸੰਗ ਵਿਚ ਨਿਵਾਸ ਕੀਤਾ ਹੈ ਸੋ ਇਸ ਭਵ-ਸਾਗਰ ਤੋਂ ਪਾਰ ਪਏ ਹਨ। ਤਿਨ੍ਹਾਂ ਨੂੰ ਪਿਛਲੇ

www.AKJ.Org

ਕੀਤੇ ਪਰਧਨ ਪਰਤਨ ਸੰਬੰਧ ਦੋਖ ਪਾਪ ਨਹੀਂ ਪੋਂਹਦੇ । ਉਹ ਸਭ ਦੋਖ ਪਾਪ ਪਿਛਲੇ ਕਮਾਤੇ ਅਵਗੁਣਾਂ ਦੇ ਕਟੇ ਜਾਂਦੇ ਹਨ ਅਤੇ ਅਗੇ ਨੂੰ ਗੁਰੂ ਕੇ ਸਿਖ ਸਜ ਕੇ ਉਹ ਕਦੇ ਭੀ ਏਹਨਾਂ ਦੋਖਾਂ ਪਾਪਾਂ ਵਿਚ ਪਰਵਿਰਤ ਨਹੀਂ ਹੁੰਦੇ । ਅਤੇ ਅਗਾਹਾਂ (ਅਗਲੀ ਦਰਗਹ ਵਿਖੇ) ਜਾ ਕੇ ਜਮ ਭੀ ਤਿਨ੍ਹਾਂ ਦੇ ਨੇੜੇ ਨਹੀਂ ਆਉਂਦਾ ।

..... ਭਜੁ ਸੰਗਿ ਸਾਧੂ ਇਕੁ ਅਰਾਧੂ ਜਨਮ ਮਰਨ ਦੁਖੁ ਨਾਸਏ ॥ ਧੁਰਿ ਕਰਮੁ ਲਿਖਿਆ ਸਾਚੁ ਸਿਖਿਆ ਕਟੀ ਜਮ ਕੀ ਫਾਸਏ ॥ ਭੈ ਭਰਮ ਨਾਠੇ ਛੁਟੀ ਗਾਠੇ ਜਮ ਪੰਥਿ ਮੂਲਿ ਨ ਆਵੀਐ ॥ ਬਿਨਵੰਤਿ ਨਾਨਕ ਧਾਰਿ ਕਿਰਪਾ ਸਦਾ ਹਰਿ ਗੁਣ ਗਾਵੀਐ ॥

[ਧਨਾਸਰੀ ਛੰਤ ਮਹਲਾ ੫, ਪੰਨਾ ੬੯੧

ਵਿਆਖਿਆ :–ਜਿਨ੍ਹਾਂ ਦੇ ਵਿਰਸੇ ਵਿਚ ਧੁਰੋਂ ਹੀ ਇਹ ਕਰਮ ਲਿਖਿਆ ਆਇਆ ਹੈ, ਤਿਨ੍ਹਾਂ ਨੂੰ ਸਤਿਗੁਰੂ ਦੁਆਰਿਓਂ ਸਚੀ ਗੁਰ-ਦੀਖਿਆ-ਮਈ ਸਿਖਿਆ ਗੁਰਮੰਤ੍ਰ ਦੀ ਦਾਤਿ ਪ੍ਰਾਪਤਿ ਹੋਈ ਹੈ। ਤਿਨ੍ਹਾਂ ਨੇ ਹੀ ਮਨ ਬਚਨ ਕਰਕੇ ਸਾਧ ਸੰਗਤੀ ਬੈਠ ਕੇ ਇਕ ਅਕਾਲ ਪੁਰਖ ਦੀ ਉਪਾਸ਼ਨਾ-ਮਈ ਅਰਾਧਨਾ ਕੀਤੀ ਹੈ । ਤਿਨ੍ਹਾਂ ਦੇ ਜਨਮ ਮਰਨ ਚੁਰਾਸੀ ਦੇ ਗੇੜ ਵਾਲੇ ਸਭ ਦੁਖ ਦੂਰ ਹੋ ਗਏ ਹਨ (ਨਸ ਭਜ ਗਏ ਹਨ) । ਤਿਨ੍ਹਾਂ ਨੂੰ ਮਰਨ ਪਿਛੋਂ ਅਗਾਹਾਂ (ਅਗਲੀ ਦਰਗਾਹੇ) ਚਲ ਕੇ ਜਮ ਦੇ ਪੈਂਡੇ ਮੂਲੋਂ ਹੀ ਨਹੀਂ ਪੈਣਾ ਪੈਂਦਾ । ਉਹ ਸਦਾ ਇਹੋ ਬੇਨਤੀਆਂ ਕਰਨੀਆਂ ਹੀ ਗੁਰੂ ਨਾਨਕ ਸਾਹਿਬ ਤੋਂ ਸਿਖੇ ਹਨ ਕਿ ਹੇ ਵਾਹਿਗੁਰੂ ! ਐਸੀ ਕਿਰਪਾ ਕਰਹੁ ਕਿ ਅਸੀਂ ਹਰ ਦੰਮ ਤੇਰੇ ਹੀ ਗੁਣ ਗਾਉਂਦੇ ਰਹੀਏ । ਗੁਣ ਗਾਉਣ ਦਾ ਇਸ਼ਕ ਐਸਾ ਪਰਬਲ ਹੋ ਕੇ ਤਿਨ੍ਹਾਂ ਨੂੰ ਲਗਿਆ ਰਹਿੰਦਾ ਹੈ ਕਿ ਉਹ ਗੁਣ ਗਾਉਣੋਂ ਹਟਦੇ ਹੀ ਨਹੀਂ। ਤਿਨ੍ਹਾਂ ਤੋਂ ਹਟ ਹੀ ਨਹੀਂ ਹੁੰਦਾ । ਜਿਉਂ ਜਿਉਂ ਵਧੇਰੇ ਆਤਮ-ਵਿਗਾਸ ਦਾ ਵਿਕਾਸ ਗੁਣ ਗਾਉਣ ਕਰਕੇ ਹੁੰਦਾ ਹੈ ਤਿਉਂ ਤਿਉਂ ਹੋਰ ਵਧੇਰੇ ਗੁਣ ਗਾਵਣ, ਸਿਫਤ-ਸਲਾਹ ਕਰਨ ਵਿਚ ਤੱਤਪਰ ਹੋ ਕੇ ਜੁਟਦੇ ਹਨ । ਤਿਨ੍ਹਾਂ ਦਾ ਪਰਮਾਰਥੀ ਰਸਤਾ ਉਕਾ ਹੀ ਸਾਫ਼ ਜਮ ਤੋਂ ਬੇਲਗ ਹੋ ਜਾਂਦਾ ਹੈ ।

ਕਰਿ ਕਿਰਪਾ ਟਹਲ ਹਰਿ ਲਾਇਓ ਤਉ ਜਮ ਛੋਡੀ ਮੋਰੀ ਲਾਗਿ ॥

[ਜੈਤਸਰੀ ਮ: ੫, ਪੰਨਾ ੭੦੧

ਵਾਹਿਗੁਰੂ ਨਾਮ ਸਿਮਰਨ ਰੂਪੀ ਸੇਵਾ ਭਗਤੀ ਵਿਖੇ ਉਸ ਦੀ ਆਪਣੀ ਕਿਰਪਾ ਦੁਆਰਾ ਹੀ ਲਗੀਦਾ ਹੈ । ਜੋ ਜਨ ਲਗ ਗਏ ਹਨ ਵਾਹਿਗੁਰੂ ਨਾਮ ਦੀ ਸਿਮਰਨ-ਮਈ ਸੇਵਾ ਭਗਤੀ ਵਿਚ, ਉਹਨਾਂ ਦਾ ਅਗੇ ਜਾ ਕੇ ਜਮ ਪਿੱਛਾ ਨਹੀਂ ਕਰੇਗਾ । ਉੱਕਾ ਹੀ ਖਹਿੜਾ ਛਡ ਜਾਵੇਗਾ ।

ਮਨ ਮਹਿ ਸਤਿਗੁਰ ਧਿਆਨੁ ਧਰਾ ॥ ਦ੍ਰਿੜਿਓ ਗਿਆਨੁ ਮੰਤ੍ਰ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ ॥੧॥ ਰਹਾਉ ॥ ਕਾਲ ਜਾਲ ਅਰੁ ਮਹਾ ਜੰਜਾਲਾ ਛੁਟਕੇ ਜਮਹਿ ਡਰਾ ॥ ਆਇਓ ਦੁਖ ਹਰਣ ਸਰਣ ਕਰੁਣਾ ਪਤਿ ਗਹਿਓ ਚਰਣ ਆਸਾਰਾ...॥

[ਜੈਤਸਰੀ ਮ: ੫. ਪੰਨਾ ੭੦੨

ਵਿਆਖਿਆ :–ਸਤਿਗੁਰੂ ਦੀ ਕਿਰਪਾ ਦੁਆਰਾ ਗੁਰ-ਦੀਖਿਆ ਪ੍ਰਾਪਤ ਹੋਈ ਅਤੇ ਗਿਆਨ-ਮਈ ਗੁਰਮਤਿ ਨਾਮ ਗੁਰ-ਮੰਤਰ ਦ੍ਰਿੜ੍ਹ ਹੋਇਆ । ਗੁਰ-ਮੰਤਰ ਦੀ ਅਭਿਆਸ ਕਮਾਈ ਕਰਿ "ਸਬਦ ਗੁਰੂ ਸੁਰਤਿ ਧੁਨਿ ਚੇਲਾ" ਵਾਲਾ ਧਿਆਨੁ ਹਰਦਮ ਹਿਰਦੇ ਅੰਦਰ ਜੁੜ ਗਿਆ । ਮਾਇਆ ਮੋਹ ਰੂਪੀ ਸਾਰੇ ਜੰਜਾਲ ਛੁਟ ਗਏ । ਨਾਲੇ ਕਾਲ ਦੇ ਜਾਲ ਦਾ ਅਤੇ ਜਮ ਦਾ ਡਰ ਸਾਰਾ ਚੁਕ ਗਿਆ । ਇਹ ਸਭ ਦਇਆਨਿਧ ਦੁਖ ਹਰਣ ਵਾਹਿਗੁਰੂ ਦੀ ਸਰਣੀਂ ਆਉਣ ਦਾ ਅਤੇ ਉਸ ਦੇ ਚਰਨ ਗਹਿਣ ਦੇ ਆਸਰੇ ਪਰਤਾਪ ਦਾ ਹੀ ਸਦਕਾ ਹੈ ਕਿ ਐਸੀ ਬਿਧਿ ਪ੍ਰਾਪਤ ਹੋਈ ਹੈ ।

ਕੋਟਿ ਬਿਘਨ ਬਿਨਸਹਿ ਹਰਿ ਸੇਵਾ ਨਿਹਚਲ ਗੋਵਿੰਦ ਧਾਮ ॥ ਭਗਵੰਤ ਭਗਤ ਕਉ ਭਉ ਕਿਛੁ ਨਾਹੀ ਆਦਰੁ ਦੇਵਤ ਜਾਮ ॥

[ਜੈਤਸਰੀ ਮ: ੫, ਪੰਨਾ ੭੦੨


www.AKJ.Org

ਵਿਆਖਿਆ :—ਭਗਵੰਤ ਦੇ ਭਗਤਾਂ ਨੂੰ ਅਨਿੰਨ ਸੇਵਾ ਭਗਤੀ ਦੇ ਬਦਲੇ ਗੋਬਿੰਦ ਵਾਹਿਗੁਰੂ ਦੇ ਨਿਹਚਲ ਧਾਮ ਦਾ ਵਾਸ ਮਿਲਦਾ ਹੈ। ਭਗਤੀ ਰੂਪੀ ਸੇਵਾ ਘਾਲਣਾ ਦਾ ਸਦਕਾ ਤਿਨ੍ਹਾਂ ਦੇ ਕਰੋੜਾਂ ਬਿਘਨ ਬਿਨਸ ਜਾਂਦੇ ਹਨ। ਤਿਨ੍ਹਾਂ ਨੂੰ ਅਗੇ ਦਾ ਕੁਛ ਭਉ ਨਹੀਂ ਰਹਿੰਦਾ। ਸਗੋਂ ਜਮ ਭੀ ਤਿਨ੍ਹਾਂ ਦਾ ਆਦਰ ਸਤਿਕਾਰ ਕਰਦਾ ਹੈ ਅਤੇ ਦੂਰੋਂ ਹੀ ਨਮਸਕਾਰ ਕਰ ਕੇ ਪਰੇ ਹਟ ਜਾਂਦਾ ਹੈ। ਇਹ ਉਸ ਦਾ ਅਦਬ ਆਦਰ ਹੈ।

ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥ ਜਮ ਕੋ
ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ
ਕਿਰਪਾ ਨਿਧਿ ਤੇਰੀ ॥੧॥ਰਹਾਉ॥

[ਜੈਤਸਰੀ ਮ: ੯, ਪੰਨਾ ੭੦੩

ਵਿਆਖਿਆ :—ਸਤਿਗੁਰੂ ਨੌਵੇਂ ਪਾਤਸ਼ਾਹ ਅਸਾਂ ਕਲਜੁਗੀ ਜੀਵਾਂ ਦੀ ਰਖਿਆ ਨਮਿੱਤ ਜਮ ਪਲੰਦੇ ਜਗਤ ਜਲੰਦੇ ਨੂੰ ਬਚਾਉਣ ਲਈ ਇਉਂ ਵਾਹਿਗੁਰੂ ਅਗੇ ਪ੍ਰਾਰਥਨਾ ਕਰਦੇ ਹਨ : ਹੇ ਵਾਹਿਗੁਰੂ ! ਮੈਂ-ਮੇਰੀ ਵਾਲਿਆਂ ਮਾਇਆ-ਮਮਤਾ-ਗ੍ਰਸਤ ਜੀਵਾਂ ਦੀ ਪਤ ਨੂੰ ਤੂੰ ਰਖ ਲੈ। ਤਿਨ੍ਹਾਂ ਦੀ ਜਮ ਦੀ ਤ੍ਰਾਸ ਨੂੰ ਇਹਨਾਂ ਦੇ ਉਰ ਅੰਤਰੋਂ ਮਿਟਾ ਦੇਹ, ਜਿਨ੍ਹਾਂ ਨੇ ਕਿਰਪਾ-ਨਿਧਿ ਵਾਹਿਗੁਰੂ ਤੇਰੀ ਸਰਨ ਗਹੀ ਹੈ, ਤੇਰਾ ਆਸਰਾ ਤਕਿਆ ਹੈ। ਸਤਿਗੁਰੂ ਸਚੇ ਪਾਤਸ਼ਾਹ ਨੂੰ ਜੀਵਾਂ ਤੇ ਤਰਸ ਆਇਆ ਅਤੇ ਸਾਫ਼ ਦਿਸਿਆ ਕਿ ਇਹ ਜੀਵ ਜਮ ਦਾ ਗ੍ਰਾਸ ਜ਼ਰੂਰ ਬਣਨਗੇ। ਜਮ ਤੋਂ ਛੁਡਾਉਣ ਲਈ ਤੇ ਜਮ ਦੇ ਤ੍ਰਾਸ ਤੋਂ ਬਚਾਉਣ ਲਈ ਦਇਆਨਿਧਿ ਕਰੁਣਾ ਰੂਪ ਸਤਿਗੁਰੂ ਨੇ ਇਹ ਪ੍ਰਾਥਨਾ ਕੀਤੀ, ਕਿਉਂਕਿ ਸਮਰਥ ਅਤੇ ਸਰਬੱਗ ਸਤਿਗੁਰੂ ਤੀਨ ਕਾਲ ਭੂਤ ਭਵਿਖ ਭਵਾਨ ਦੇ (ਤਿਰਕਾਲ) ਦਰਸੀ ਹਨ। ਉਹਨਾਂ ਨੂੰ ਜੀਵਾਂ ਨਾਲ ਅਗੇ ਵਰਤਣੇ ਵਾਲੇ ਵਰਤਾਰੇ ਦੀ ਸਭ ਸੋਝੀ ਅੰਤਰਯਾਮਤਾ ਹੁੰਦੀ ਹੈ। ਇਸ ਕਰਕੇ ਉਹਨਾਂ ਦਾ ਫ਼ੁਰਮਾਇਆ ਇਹ ਬਚਨ ਸਤਿ ਸਤਿ, ਪੂਰਨ ਸੱਚ ਹੈ ਕਿ ਜਮ ਦਾ ਵਜੂਦ ਜ਼ਰੂਰ ਹੈ। ਇਸ ਤੋਂ ਅਵੇਸਲੇ ਹੋਣਾ ਕਮਲਾਪਣ ਹੈ। ਇਸ ਦੇ ਖ਼ਤਰੇ ਤੋਂ ਰਹਿਤ ਹੋਣ ਦਾ ਇਕੋ ਉਪਾਓ ਅਕਾਲ ਪੁਰਖ ਦੀ ਸ਼ਰਨ ਗਹਿਣੀ ਅਤੇ ਉਸ ਦੇ ਅਗੇ ਪ੍ਰਾਰਥਨਾ ਕਰਨੀ ਹੈ।

ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਚ ਕਾ
ਪੰਥਾ ਥਾਟਿਓ ॥ ਖਾਤ ਖਰਚਤ ਕਿਛੁ
ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ ॥

[ਟੋਡੀ ਮ: ੫, ਪੰਨਾ ੭੧੪

ਵਿਆਖਿਆ—ਨਾਮ ਰਤਨ ਧਨ ਖਟਣ ਵਾਲਿਆਂ ਲਈ ਪਰਲੋਕ ਵਿਖੇ ਐਸਾ ਸੱਚ ਦਾ ਸਿੱਧਾ ਰਸਤਾ ਥਾਟਿਆ (ਕਾਇਮ ਕੀਤਾ) ਗਿਆ ਹੈ ਕਿ ਤਿਨ੍ਹਾਂ ਨੂੰ ਕਾਲ, ਜਾਲ, ਜਮ ਕੋਈ ਜੋਹ ਨਹੀਂ ਸਕਦਾ। ਤਿਨ੍ਹਾਂ ਦਾ ਨਾਮ ਧਨ ਖਟਿਆ ਕਦੇ ਨਿਖੁਟਦਾ ਨਹੀਂ, ਭਾਵੇਂ ਤਿਸ ਨੂੰ ਕਿਤਨਾ ਹੀ ਖਾਧਾ ਤੇ ਖਰਚਿਆ ਜਾਵੇ।

ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ
ਲਾਈਆ ॥ ਹਰਿ ਹਰਿ ਕਦੇ ਨ ਚੇਤਿਓ
ਜਮਿ ਪਕੜਿ ਚਲਾਈਆ ॥

[ਤਿਲੰਗ ਮ: ੪, ਪੰਨਾ ੭੨੬

ਵਿਆਖਿਆ—ਨਾਮ ਨੂੰ ਵਿਸਾਰ ਕੇ ਪਾਨ ਸੁਪਾਰੀ ਖਾਣਹਾਰੀਆਂ, ਮੁਖਿ ਬੀੜੀਆਂ ਲਾਣ-ਹਾਰੀਆਂ, ਸਾਰੀਆਂ ਐਸ਼ਾਂ ਕਰਨ-ਹਾਰੀਆਂ ਯੁਵਤੀਆਂ ਜਮ ਦੇ ਅਗੇ ਪਕੜਿ ਚਲਾਈਆਂ ਜਾਣਗੀਆਂ। ਉਪਰ ਦਸੀਆਂ ਖਾਣ ਪੀਣ ਦੀਆਂ ਵਹਿਦਤਾਂ ਵਿਚ ਪਈਆਂ ਹੋਈਆਂ ਜ਼ਿੰਦਗੀਆਂ ਕਦੇ ਭੀ ਪ੍ਰਮਾਰਥ ਦੇ ਮਾਰਗ ਤੇ ਪੈ ਨਹੀਂ ਸਕਦੀਆਂ, ਨਾਮ ਜਪਣ ਦਾ ਨਾਉਂ ਨਹੀਂ ਲੈ ਸਕਦੀਆਂ। ਸੋ ਤਿਨ੍ਹਾਂ ਨੂੰ ਆਪਣਾ ਕੀਤਾ ਪਾਉਣਾ ਪਊ, ਇਸ ਗੁਰਵਾਕ ਤੋਂ ਇਸ ਗੱਲ ਦੀ ਤਾੜਨਾ ਭੀ ਮਿਲਦੀ ਹੈ ਕਿ ਗੁਰਸਿਖਾਂ ਸਿੰਘਾਂ ਸਿੰਘਣੀਆਂ ਨੂੰ ਪਾਨ ਸੁਪਾਰੀ ਖਾਣਾ ਤੇ ਮੁਖਿ ਬੀੜੀਆਂ ਲਾਉਣਾ ਬਿਲਕੁਲ ਮਨ੍ਹਾ ਹੈ। ਐਸਾ ਕਰਨਹਾਰੇ ਸਭ ਤਨਖ਼ਾਹੀਏ ਹਨ।

ਜਿਨ ਹਰਿ ਨਾਮਾ ਹਰਿ ਚੇਤਿਆ ਹਿਰਦੈ
ਉਰਿਧਾਰੇ ॥ ਤਿਨ ਜਮੁ ਨੇੜਿ ਨ ਆਵਈ
ਗੁਰਸਿਖ ਗੁਰ ਪਿਆਰੇ ॥

[ਤਿਲੰਗ ਮ: ੪, ਪੰਨਾ ੭੨੬

ਵਿਆਖਿਆ—ਜਿਨ੍ਹਾਂ ਗੁਰਸਿਖਾਂ ਨੇ ਹਿਰਦੈ



www.AKJ.Org

ਉਰਿਧਾਰ ਕੇ ਗੁਰਮਤਿ ਨਾਮ ਦਾ ਸਿਮਰਨ ਕੀਤਾ ਹੈ, ਤਿਨ੍ਹਾਂ ਗੁਰਸਿਖ ਪਿਆਰਿਆਂ ਦੇ ਨੇੜੇ ਜਮ ਨਹੀਂ ਆਉਂਦਾ।

ਹਰਿ ਧਨ ਕਉ ਉਚਕਾ ਨੇੜਿ ਨ ਆਵਈ
ਜਮੁ ਜਾਗਾਤੀ ਡੰਡੁ ਨ ਲਗਾਈ ॥
[ਸੂਹੀ ਮ: ੪, ਪੰਨਾ ੭੩੪

ਨਾਮ ਰੂਪੀ ਧਨ ਐਸਾ ਹੈ ਕਿ ਇਸ ਲੋਕ ਵਿਖੇ ਤਾਂ ਚੋਰ ਉਚੱਕਾ ਇਸ ਦੇ ਨੇੜੇ ਨਹੀਂ ਆ ਸਕਦਾ, ਅਗਲੇ ਲੋਕ ਵਿਖੇ ਜਮ ਜਾਗਾਤੀ ਇਸ ਨੂੰ ਡੰਡ ਤੇ ਜਾਗਾਤ ਨਹੀਂ ਲਗਾ ਸਕਦਾ।

ਕੋਟਿ ਅਪ੍ਰਾਧੀ ਸੰਤ ਸੰਗਿ ਉਧਰੈ ਜਮ ਤਾ ਕੈ
ਨੇੜਿ ਨ ਆਵੈ ॥ ਜਨਮ ਜਨਮ ਕਾ
ਬਿਛੁੜਿਆ ਹੋਵੈ ਤਿਨ੍ਹ ਹਰਿ ਸਿਉ ਆਣਿ
ਮਿਲਾਵੈ ॥ [ਸੂਹੀ ਮ: ੫, ਪੰਨਾ ੭੪੮

ਵਿਆਖਿਆ—ਗੁਰੂ ਘਰ ਦੇ ਸੰਤਾਂ ਦੀ ਸੰਗਤ ਦੇ ਸਹਾਰੇ ਕੋਟ ਅਪ੍ਰਾਧੀ ਉਧਰ ਗਏ ਹਨ। ਤਿਨ੍ਹਾਂ ਦੇ ਜਮ ਨੇੜੇ ਨਹੀਂ ਆ ਸਕਦਾ। ਜਨਮ ਜਨਮ ਦਾ ਵਿਛੜਿਆ ਹੋਇਆ ਪ੍ਰਾਣੀ ਗੁਰੂ ਘਰ ਦੇ ਸੰਤਾਂ ਦੀ ਸੰਗਤਿ ਦੇ ਤੁਫ਼ੈਲ ਵਾਹਿਗੁਰੂ ਨਾਲ ਆ ਜੁੜਦਾ ਹੈ।

ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥
ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ
ਨਹੀ ਆਵੈ ਨੇਰੇ ॥ [ਸੂਹੀ ਮ: ੫, ਪੰਨਾ ੭੪੯

ਵਾਹਿਗੁਰੂ ਦੇ ਸੰਤਾਂ ਭਗਤਾਂ ਸੇਵਕਾਂ ਨਾਮ ਸਿਮਰਨਹਾਰਿਆਂ ਦੇ ਨੇੜੇ ਜਮ ਨਹੀਂ ਆਉਂਦਾ। ਤਿਨ੍ਹਾਂ ਨੂੰ ਕਿਸੇ ਗੱਲ ਦਾ ਭੈ ਨਹੀਂ ਹੁੰਦਾ, ਕਿਉਂਕਿ ਜਪਣਹਾਰੇ ਸੰਤ ਵਾਹਿਗੁਰੂ ਦੇ ਹੁੰਦੇ ਹਨ ਅਤੇ ਵਾਹਿਗੁਰੂ ਤਿਨ੍ਹਾਂ ਦਾ ਹੁੰਦਾ ਹੈ। ਉਨ੍ਹਾਂ ਦੇ ਜਮ ਨੇ ਕੀ ਨੇੜੇ ਆ ਸਕਣਾ ਹੋਇਆ? ਭਾਵ ਕਦੇ ਨੇੜੇ ਨਹੀਂ ਆਉਂਦਾ।

ਬਾਕੀ ਵਾਲਾ ਤਲਬੀਐ ਸਿਰਿ ਮਾਰੇ ਜੰਦਾਰੁ
ਜੀਉ ॥ ਲੇਖਾ ਮੰਗੈ ਦੇਵਣਾ ਪੁਛੈ ਕਰਿ
ਬੀਚਾਰੁ ਜੀਉ ॥ [ਸੂਹੀ ਮ: ੧, ਪੰਨਾ ੭੫੧

ਭਾਵ, ਅਗੇ ਜਾ ਕੇ ਹਰ ਇਕ ਉਹ ਜੀਵ ਤਲਬ ਲਈਦਾ ਹੈ, ਜਿਸ ਦੀ ਬਾਕੀ ਨਿਕਲੀ ਹੋਈ ਹੁੰਦੀ ਹੈ। ਉਸ ਦੇ ਸਿਰ ਤੇ ਜਮ ਜ਼ੰਦਾਰ ਦੇ ਖੋਂਸੜੇ ਪੈਂਦੇ ਹਨ। ਖੋਂਸੜੇ ਖਾਂਦਾ ਹੋਇਆ ਜਦੋਂ ਧਰਮਰਾਇ ਦੇ ਪੇਸ਼ ਹੁੰਦਾ ਹੈ, ਤਦ ਧਰਮਰਾਇ ਉਸ ਤੋਂ ਲੇਖਾ ਮੰਗਦਾ ਹੈ, ਜੋ ਉਸਨੂੰ ਦੇਣਾ ਪੈਂਦਾ ਹੈ।

ਬਿਨੁ ਸਬਦੈ ਭੈ ਰਤਿਆ ਸਭ ਜੋਹੀ ਜਮ
ਕਾਲਿ ਜੀਉ ॥ [ਸੂਹੀ ਮ: ੧, ਪੰਨਾ ੭੫੧

ਭੈ-ਭਾਵਨੀ ਕਰਿ ਗੁਰ ਸ਼ਬਦ (ਨਾਮ, ਗੁਰਮਤਿ ਨਾਮ) ਵਿਖੇ ਜੋ ਜਨ ਰਤੇ ਗਏ ਹਨ, ਉਨ੍ਹਾਂ ਤੋਂ ਬਿਨਾਂ ਸਭ ਜੀਵ-ਸ੍ਰੇਣੀ ਜਮ ਦੀ ਲੱਤ ਹੇਠਾਂ ਹੈ। ਜਮ ਰੂਪ ਕਾਲ ਨੇ ਸਭਨਾਂ ਨੂੰ ਚਿੰਬੜਨਾ ਹੈ। ਸੋਈ ਜਮ ਦੀ ਫੇਟ ਤੋਂ ਬਚਣਗੇ ਜੋ ਭਾਉ ਭਾਵਨੀ ਕਰਿ ਨਾਮ ਦੇ ਰੰਗਾਂ ਵਿਚ ਰੱਤਿਆਂ ਆਪਣਾ ਜੀਵਨ ਬਿਤਾਉਂਦੇ ਰਹੇ ਹਨ, ਮਨੁੱਖਾ ਜਨਮ ਧਾਰ ਕੇ।

ਵਿਣੁ ਨਾਵੈ ਦਰਿ ਢੋਈ ਨਾਹੀ ਤਾ ਜਮੁ ਕਰੇ
ਖੁਆਰੀ ॥ ਨਾਨਕ ਸਚੁ ਵਡਿਆਈ ਪਾਏ
ਜਿਸ ਨੋ ਹਰਿ ਕਿਰਪਾ ਧਾਰੀ ॥
[ਸੂਹੀ ਮ: ੩, ਪੰਨਾ ੭੫੪

ਭਾਵ, ਜਿਹੜੇ ਨਾਮ ਨਹੀਂ ਜਪਦੇ ਤਿਨ੍ਹਾਂ ਨੂੰ ਸਚੀ ਦਰਗਾਹੇ (ਅਗੇ ਜਾ ਕੇ) ਢੋਈ ਨਹੀਂ ਮਿਲਣੀ। ਬਸ, ਤਿਨ੍ਹਾਂ ਨੂੰ ਜਮ ਖੁਆਰ ਕਰਿ ਕਰਿ ਮਾਰੇਗਾ। ਜਿਨ੍ਹਾਂ ਦੇ ਉਪਰ ਵਾਹਿਗੁਰੂ ਦੀ ਕਿਰਪਾ ਹੁੰਦੀ ਹੈ, ਉਹ ਸਤਿਗੁਰੂ ਦੇ ਹੁਕਮ ਮੰਨਦੇ ਹੋਏ ਗੁਰ-ਦੀਖਿਆ ਲੈ ਨਾਮ ਜਪਦਿਆਂ ਆਪਣਾ ਜਨਮ ਬਿਤੀਤ ਕਰਦੇ ਹਨ। ਉਹ ਵਾਹਿਗੁਰੂ ਦੇ ਦਰ ਤੇ ਵਡਿਆਈ ਪਾਉਂਦੇ ਹਨ।

ਦੁਨੀਆ ਕੇਰੀ ਦੋਸਤੀ ਮਨਮੁਖ ਦਝਿ
ਮਰੰਨਿ ॥ ਜਮਪੁਰਿ ਬਧੇ ਮਾਰੀਅਹਿ ਵੇਲਾ
ਨ ਲਾਹੰਨਿ ॥......ਸੁਇਨਾ ਰੁਪਾ ਪਾਪ ਕਰਿ
ਕਰਿ ਸੰਚੀਐ ਚਲੈ ਨ ਚਲਦਿਆ ਨਾਲਿ ॥
ਵਿਣੁ ਨਾਵੈ ਨਾਲਿ ਨ ਚਲਸੀ ਸਭ ਮੁਠੀ
ਜਮਕਾਲਿ ॥ [ਸੂਹੀ ਮ: ੩, ਪੰਨਾ ੭੫੬

ਭਾਵ, ਮਨਮੁਖ ਮਾਇਆਧਾਰੀ ਸਾਕਤ ਪੁਰਸ਼ ਦੁਨੀਆ ਅਤੇ ਦੁਨਿਆਵੀ ਪਦਾਰਥਾਂ ਨਾਲ ਹੀ ਸਾਰੀ ਉਮਰ ਨੇਹੁ (ਮੋਹ ਮੁਹੱਬਤ) ਲਾਈ ਰਖਦੇ ਹਨ। ਏਸੇ



www.AKJ.Org

ਦੁਨੀਆ ਦੀ ਮੋਹ ਮਮਤਾ ਗ੍ਰਸੇ ਹੋਏ ਮਰ ਜਾਂਦੇ ਹਨ। ਤ੍ਰਿਸ਼ਨਾ ਉਨ੍ਹਾਂ ਦੀ ਬੁਝਦੀ ਨਹੀਂ। ਮਾਇਆ ਦੇ ਪਦਾਰਥਾਂ ਦੀ ਤ੍ਰਿਸ਼ਨਾ ਬੁਝਣੀ ਤਾਂ ਕੀ ਸੀ, ਦਿਨੋ ਦਿਨ ਹੋਰ ਬਹੁਤੀ ਭੜਕਦੀ ਹੈ ਅੱਗ ਵਾਂਗੂ। "ਆਤਸ਼ ਦੁਨੀਆ ਖੁਨਕ ਨਾਮੁ ਖੁਦਾਇਆ" ਗੁਰ-ਵਾਕ ਦੇ ਭਾਵ ਅਨੁਸਾਰ ਦੁਨੀਆ ਆਤਸ਼ ਰੂਪ, ਅਗਨੀ ਦੀ ਨਿਆਈਂ ਹੈ। ਇਸ ਅੱਗ ਦੇ ਦਾਹ ਤੋਂ ਬਚਾਉਣ ਲਈ ਵਾਹਿਗੁਰੂ ਦੇ ਨਾਮ ਦੀ ਠੰਢਕ ਹੀ ਦਾਰੂ ਹੈ ਅਤੇ ਇਸ ਨਾਮ ਦੀ ਠੰਢਕ-ਹੀਣੇ ਆਦਮੀ ਦੁਨੀਆ ਦੀ ਅੱਗ ਦੇ ਦਾਹ ਨਾਲ ਦੱਝੇ (ਦੱਧੇ) ਹੋਏ ਹੀ ਮਰ ਜਾਂਦੇ ਹਨ। ਅਗਾਹਾਂ ਜਾ ਕੇ ਓਹ ਜਮਪੁਰੀ ਵਿਚ ਬਧੇ ਹੋਏ ਮਾਰੇ ਜਾਂਦੇ ਹਨ। ਫੇਰ ਪਛਤਾਉਂਦੇ ਹਨ ਕਿ ਅਸਾਂ ਮਨੁੱਖਾ ਜਨਮ ਅਜਾਈਂ ਹੀ ਗੰਵਾ ਲਿਆ, ਨਾਮ ਨਾ ਜਪ ਲਿਆ। ਪਰ ਹੁਣ ਪਛਤਾ-ਇਆਂ ਕੀ ਬਣਦਾ ਹੈ? ਫੇਰ ਇਹ ਵੇਲਾ ਮਨੁਖਾ ਜਨਮ ਦੀ ਵਾਰੀ ਦਾ ਉਨ੍ਹਾਂ ਦੇ ਹਥਿ ਨਹੀਂ ਆਉਂਦਾ। ਜਿਤਨਾ ਭੀ ਸੋਨਾ ਤੇ ਚਾਂਦੀ ਦੁਨੀਆ ਇਕੱਠੀ ਕਰਦੀ ਹੈ, ਸਭ ਪਾਪ ਕਰਿ ਕਰਿ ਇਕੱਠੀ ਕਰਦੀ ਹੈ। ਇਸ ਵਿਚੋਂ ਤਸੂ ਮਾਤ੍ਰ ਭੀ ਚਲਦਿਆਂ ਨਾਲ ਨਹੀਂ ਚਲਦਾ। ਜਦੋਂ ਕੂਚ ਦਾ ਨਗਾਰਾ ਵਜਦਾ ਹੈ, ਸਭ ਕੁਝ ਏਥੇ ਹੀ ਧਰਿਆ ਰਹਿ ਜਾਂਦਾ ਹੈ। ਨਾਮ ਤੋਂ ਬਿਨਾਂ ਹੋਰ ਕੋਈ ਸ਼ੈ ਭੀ ਨਾਲ ਨਹੀਂ ਜਾਂਦੀ ਮਰਨਹਾਰੇ ਬੰਦੇ ਦੇ। ਤਾਂ ਤੇ ਨਾਮ-ਵਿਹੂਣੀ ਸਭ ਦੁਨੀਆ ਜਮ-ਕਾਲ ਦੇ ਢਹੇ ਚੜ੍ਹੇਗੀ ਅਤੇ ਫਾਥੀ ਚੋਟਾਂ ਖਾਵੇਗੀ, ਖਾ ਖਾ ਕੇ ਚੋਟਾਂ ਬਹੁਤ ਪਛਤਾਵੇਗੀ।

ਅਨਾਥਾ ਨਾਥ ਭਗਤ ਭੈ ਮੇਟਨ ॥ ਸਾਧ ਸੰਗਿ ਜਮਦੂਤ ਨ ਭੇਟਨ ॥ ਜੀਵਨ ਰੂਪ ਅਨੂਪ ਦਇਆਲਾ ॥ ਰਵਣ ਗੁਣਾ ਕਟੀਐ ਜਮ ਜਾਲਾ ॥ [ਸੂਹੀ ਮ: ੫, ਪੰਨਾ ੭੬੦

ਵਿਆਖਿਆ—ਵਾਹਿਗੁਰੂ ਅਨਾਥਾਂ ਦਾ ਨਾਥ ਹੈ, ਨਿਖਸਮਿਆਂ ਦਾ ਖਸਮ ਹੈ। ਜਿਨ੍ਹਾਂ ਦਾ ਕੋਈ ਮਾਲਕ ਨਹੀਂ ਤਿਨ੍ਹਾਂ ਦਾ ਵਾਹਿਗੁਰੂ ਮਾਲਕ ਹੈ, ਜੋ ਸਚ ਮੁਚ ਮਨ ਬਚਨ ਕਰਮ ਕਰਿ ਨਿਮਾਣੇ ਨਿਆਸਰੇ ਹੋਏ, ਅਨਾਥ ਹੋ ਕੇ ਉਸ ਦੇ ਦਰ ਤੇ ਢੱਠੇ, ਉਨ੍ਹਾਂ ਦਾ ਖ਼ਾਸ ਤੌਰ ਤੇ ਵਾਹਿਗੁਰੂ ਨਾਥ ਰੂਪ ਹੋ ਕੇ ਸਹਾਈ ਹੁੰਦਾ ਹੈ ਅਤੇ ਆਪਣੇ ਅਨਿੰਨ ਭਗਤ ਜਨਾਂ ਦੇ ਸਾਰੇ ਭੈ ਮੇਟਣਹਾਰਾ ਹੈ। ਐਸੇ ਵਾਹਿਗੁਰੂ ਨੂੰ ਗੁਰੂ ਘਰ ਦੀ ਸਾਧ ਸੰਗਤਿ ਦੁਆਰਾ ਗਾਵਣ ਨਾਲ ਅੱਗੇ ਗਇਆਂ ਜਮਦੂਤ ਨੇੜੇ ਨਹੀਂ ਢੋਂਹਦੇ। ਭਾਵ, ਜਿਨ੍ਹਾਂ ਨੇ ਅਨਾਥਾਂ ਨਾਥ ਭਗਤ ਭੈ ਮੇਟਣਹਾਰੇ ਵਾਹਿਗੁਰੂ ਨੂੰ ਗੁਰੂ ਘਰ ਦੀ ਸੰਗਤਿ ਦੀ ਬਸੀਠੀ ਕਰਿ ਗਾਵਿਆ ਹੈ, ਤਿਨ੍ਹਾਂ ਨੂੰ ਅਗੇ ਗਇਆਂ ਜਮ ਛੋਹ ਭੀ ਨਹੀਂ ਸਕਦੇ। ਵਾਹਿਗੁਰੂ ਐਸਾ ਦਇਆਲੂ ਹੈ ਕਿ ਉਸ ਦੀ ਦਇਆਲਤਾ ਦੀ ਉਪਮਾ ਨਹੀਂ ਹੋ ਸਕਦੀ। ਉਹ ਭਗਤ ਜਨਾਂ ਦਾ ਜੀਵਨ ਰੂਪ ਜੀਵਨ-ਆਧਾਰ ਹੈ। ਐਸੇ ਜੀਵਨ ਰੂਪ ਅਨੂਪ ਦਇਆਲ ਵਾਹਿਗੁਰੂ ਦੇ ਪਾਰਸ ਰਸਾਇਣੀ ਗੁਣ ਰਵਿਆਂ ਸੁਤੇ ਸਿਧ ਹੀ ਅਗੇ ਗਇਆਂ ਜਮ ਦੇ ਜਾਲ ਕਟੇ ਜਾਂਦੇ ਹਨ।

['ਅਣਡਿਠੀ ਦੁਨੀਆ' ਪੁਸਤਕ ਵਿਚੋਂ

---

# ਪੋਥੀ ਪਰਮੇਸਰ ਕਾ ਥਾਨੁ

'ਗੁਰਬਾਣੀ ਇਸੁ ਜਗ ਮਹਿ ਚਾਨਣੁ' ਹੈ। ਗੁਰਬਾਣੀ ਸਾਡਾ ਇਸ਼ਟ ਹੈ, ਗੁਰਬਾਣੀ ਸਾਡਾ ਸਤਿਗੁਰੂ ਹੈ। ਇਸ ਲਈ ਗੁਰਬਾਣੀ ਦਾ ਹਰੇਕ ਰੂਪ ਵਿਚ ਸਤਿਕਾਰ ਕਰਨਾ ਸਾਡਾ ਪਰਮ ਫ਼ਰਜ਼ ਹੈ।

ਗੁਰਬਾਣੀ ਦੇ ਗੁਟਕੇ ਅਤੇ ਗੁਰਬਾਣੀ ਦੀਆਂ ਪੋਥੀਆਂ ਨੂੰ ਸਾਫ਼ ਸੁਥਰੇ ਰੁਮਾਲਾਂ ਵਿਚ ਵਲ੍ਹੇਟ ਕੇ ਰਖਣਾ ਲਾਜ਼ਮੀ ਹੈ। ਆਪਣੇ ਤੋਂ ਉਚੀ ਥਾਂ ਤੇ ਰਖੀਏ। ਗੋਡਿਆਂ, ਲਤਾਂ, ਪਜਾਮਿਆਂ ਅਤੇ ਮੈਲਿਆਂ ਕਪੜਿਆਂ ਤੇ ਰਖਣਾ ਗੁਰਬਾਣੀ ਦਾ ਅਪਮਾਨ ਹੈ। ਸੰਗਤ ਵਿਚ ਇਕ ਦੂਜੇ ਦੇ ਪਿਛੇ ਬਹਿ ਕੇ ਪੋਥੀਆਂ ਖੋਲ੍ਹਣੀਆਂ ਠੀਕ ਨਹੀਂ ਹੈ।

ਗੁਰੂ ਕੇ ਕੀਰਤਨੀਆਂ ਨੂੰ ਜ਼ਬਾਨੀ ਕੰਠ ਕਰ ਕੇ ਸ਼ਬਦ-ਕੀਰਤਨ ਦੀਆਂ ਹਾਜ਼ਰੀਆਂ ਭਰਨੀਆਂ ਚਾਹੀਦੀਆਂ ਹਨ। ਆਸਾ ਦੀ ਵਾਰ ਤਾਂ ਛਕਿਆਂ ਸਮੇਤ ਹਰੇਕ ਵੀਰ ਭੈਣ ਨੂੰ ਪੂਰਨ ਤੌਰ ਤੇ ਸ਼ੁਧ ਕੰਠ ਹੋਣੀ ਜ਼ਰੂਰੀ ਹੈ। ਪੋਥੀਆਂ ਤੇ ਗੁਟਕੇ ਸ਼ਬਦ ਤੇ ਗੁਰਬਾਣੀ ਕੰਠ ਕਰਨ ਲਈ ਹੁੰਦੇ ਹਨ, ਨਾ ਕਿ ਪੋਥੀਆਂ ਵਾਜਿਆਂ ਤੇ ਰਖ ਕੇ ਪੋਥੀ-ਕੀਰਤਨ ਹੀ ਚਲੇ ਸੋ ਚਲੇ। ਸਾਨੂੰ ਪੋਥੀਆਂ ਦਾ ਘਟ ਤੋਂ ਘਟ ਸਹਾਰਾ ਲੈਣਾ ਚਾਹੀਦਾ ਹੈ।

www.AKJ.Org

# ਰਿਧਿ ਸਿਧਿ ਅਵਰਾ ਸਾਦ

[ਵਲੋਂ :— ਸਾਰੰਗ ਜੀ, ਕਪੂਰਥਲਾ]

ਸਿਖ ਧਰਮ ਵਿਚ ਕਰਾਮਾਤਾਂ ਦਿਖਾਣੀਆਂ ਸਖ਼ਤ ਮਨ੍ਹਾ ਹਨ। ਗੁਰੂ ਸਾਹਿਬਾਨ ਨੇ ਆਪਣੀ ਬਾਣੀ ਰਾਹੀਂ ਇਹੋ ਉਪਦੇਸ਼ ਹੀ ਦਿਤਾ ਹੈ ਕਿ ਰਿਧੀਆਂ ਸਿਧੀਆਂ ਹੋਰ ਕਿਸਮ ਦਾ ਰਸ ਹਨ, ਪਰਮੇਸ਼ਰ ਦੀ ਪ੍ਰੇਮਾ ਭਗਤੀ ਤੋਂ ਦੂਰ ਰਖਦੀਆਂ ਹਨ--

"ਰਿਧਿ ਸਿਧਿ ਅਵਰਾ ਸਾਦ ॥"

ਇਸ ਲਈ ਉਪਦੇਸ਼ ਰਾਹੀਂ ਦ੍ਰਿੜ੍ਹ ਕੀਤਾ ਹੈ ਕਿ—

ਬਿਨੁ ਨਾਵੈ ਪੈਨਣੁ ਖਾਣੁ ਸਭ ਬਾਦਿ ਹੈ,
ਧਿਗੁ ਸਿਧੀ ਧਿਗੁ ਕਰਾਮਾਤਿ ॥

[ਵਾਰ ਸੋਰਠਿ, ਪੰਨਾ ੬੫੦

ਪਰ ਫਿਰ ਭੀ ਵੇਖਣ ਵਿਚ ਆਇਆ ਹੈ, ਅਤੇ ਗੁਰ ਇਤਿਹਾਸ ਵਿਚ ਭੀ ਮਿਲਦਾ ਹੈ ਕਿ ਰੇਠੇ ਮੀਠੇ ਕੀਤੇ ਗਏ, ਪੱਥਰ ਵਿੱਚ ਪੰਜਾ ਲਾਇਆ ਗਿਆ, ਵੱਟਾ ਹਟਾਣ ਨਾਲ, (ਪੰਜਾ ਸਾਹਿਬ, ਅਤੇ ਨਾਨਕ ਝੀਰਾ, ਬਿੱਦਰ ਮੈਸੂਰ ਵਿਚ) ਚਸ਼ਮਾ ਜਾਰੀ ਕੀਤਾ ਗਿਆ। ਨੇਜ਼ਾ ਮਾਰ ਕੇ ਗੁਰੂ ਕੇ ਲਾਹੌਰ ਜਲ ਕਢਿਆ, ਤਪਦੇ ਕੜਾਹੇ ਦਾ ਠੰਢਾ ਹੋ ਜਾਣਾ, ਸਿੱਧਾਂ ਵਲੋਂ ਉਡਾਏ ਜਾ ਰਹੇ ਬੋੜ੍ਹ ਨੂੰ ਜੜ੍ਹਾਂ ਤੋਂ ਹੀ ਥੰਮ ਲੈਣਾ, ਹਮਜ਼ਾ ਗੌਂਸ ਦਾ ਗੁੰਬਦ ਫਟ ਜਾਣਾ, ਮੱਕਾ ਫਿਰਦਾ ਦਿਖਾਣਾ, ਧੁਰੋਂ ਪਤਾਲੋਂ ਕੜਾਈ ਲਿਆਉਣੀ, ਇਹ ਭੀ ਤਾਂ ਕਰਾਮਾਤਾਂ ਹੀ ਸਨ, ਜੋ ਗੁਰੂ ਸਾਹਿਬਾਨ ਰਾਹੀਂ ਸਮੇਂ ਸਮੇਂ ਪਰਗਟ ਹੋਈਆਂ।

ਜਨ ਸਾਧਾਰਨ ਦੇ ਮਨ ਵਿਚ ਇਹ ਇਕ ਪ੍ਰਸ਼ਨ ਬਣ ਕੇ ਅਟਕਿਆ ਰਹਿੰਦਾ ਹੈ ਕਿ ਗੁਰੂ ਸਾਹਿਬਾਨ ਆਪ ਤਾਂ ਕਰਾਮਾਤਾਂ ਦਿਖਾਂਦੇ ਸਨ, ਤੇ ਹੋਰਨਾਂ ਨੂੰ ਉਪਦੇਸ਼ ਕਰਦੇ ਸਨ ਕਿ ਨਾ ਦਿਖਾਉ। ਇਹ ਗੱਲ ਇਉਂ ਨਹੀਂ ਹੈ ਜਿਵੇਂ ਉਪਰੋਂ ਉਪਰੋਂ ਦਿਸਦੀ ਹੈ। ਅਸੀਂ ਇਸ ਨੂੰ ਥੋੜਾ ਜਿਹਾ ਡੂੰਘਾਈ ਨਾਲ ਵਿਚਾਰੀਏ। ਗੁਰੂ ਮਹਾਰਾਜ ਮਰਯਾਦਾ ਦੇ ਬਹੁਤ ਹੀ ਪੱਕੇ ਸਨ, ਇਹ ਨਹੀਂ ਹੋ ਸਕਦਾ ਕਿ ਕਰਨ ਕੁਝ ਤੇ ਕਹਿਣ ਕੁਝ।

ਆਮ ਸਿੱਧ ਸਾਈਂ, ਪੀਰ, ਫ਼ਕੀਰ, ਸੰਤ ਮਹਾਤਮਾਂ, ਆਪਣੀ 'ਸਿਖੀ-ਸੇਵਕੀ' ਨੂੰ ਵਧਾਣ ਲਈ ਅਤੇ ਆਪਣਾ ਅਸਰ ਰਸੂਖ਼ ਕਾਇਮ ਰਖਣ ਲਈ ਨਿਕੀਆਂ ਮੋਟੀਆਂ ਕਰਾਮਾਤਾਂ ਵਿਖਾਂਦੇ ਰਹਿੰਦੇ ਹਨ। ਕਿਸੇ ਨੂੰ ਦੁੱਧ ਅਤੇ ਕਿਸੇ ਨੂੰ ਪੁੱਤ ਵੰਡਦੇ ਫਿਰਦੇ ਹਨ। ਕਿਸੇ ਨੂੰ ਵਰ ਕਿਸੇ ਨੂੰ ਸਰਾਪ। ਦੁਨੀਆ ਡਰਾਈ ਪਈ ਹੈ ਇਨ੍ਹਾਂ ਸਿਧਾਂ ਸੰਤਾਂ ਦੀ, ਜਿਨ੍ਹਾਂ ਦਾ ਮਿਸ਼ਨ ਹੁੰਦਾ ਹੈ ਲੋਕਾਂ ਨੂੰ ਆਪਣੇ ਮਗਰ ਲਾਈ ਰਖਣਾ। ਇਹੋ ਹਾਲ ਹੈ ਦੇਵੀ ਦੇਵਤਿਆਂ ਦਾ, ਭੂਤਾਂ ਪ੍ਰੇਤਾਂ ਦਾ, ਜਿਨ੍ਹਾਂ ਦੇ ਅਸਥਾਨਾਂ ਤੇ ਜਾਂ ਕਬਰਾਂ ਉਤੇ ਨਿਤ ਮਨੌਤਾਂ ਮੰਨੀਆਂ ਜਾਂਦੀਆਂ ਹਨ, ਚੂਰਮੇ ਚੜ੍ਹਾਏ ਜਾਂਦੇ ਹਨ। ਲੋਕੀਂ ਮਨੁਖੀ ਔਕੜਾਂ ਅਤੇ ਰੱਬੀ ਬੰਧਨਾਂ ਤੋਂ ਆਜ਼ਾਦ ਹੋਣਾ ਲੋਚਦੇ ਹਨ, ਜੇ ਥੋੜਾ ਬਹੁਤ ਪ੍ਰਸ਼ਾਦ ਚੜ੍ਹਾਣ ਨਾਲ ਕੰਮ ਰਾਸ ਹੋ ਜਾਏ ਤਾਂ ਅਕਾਲ ਪੁਰਖ ਦੇ ਭਾਣੇ ਨੂੰ ਕਿਉਂ ਮੰਨਿਆ ਜਾਏ? ਅਤੇ ਬੰਧਨਾਂ ਤੋ ਰੋਕਾਂ ਨੂੰ ਕਿਉਂ ਬਰਦਾਸ਼ਤ ਕੀਤਾ ਜਾਏ?

ਇਥੇ ਜ਼ਿਕਰ ਚਲ ਰਿਹਾ ਸੀ ਕਿ ਕਰਾਮਾਤਾਂ ਦਿਖਾਣਾ ਅਕਾਲ ਪੁਰਖ ਦੀ ਰਜ਼ਾ ਵਿਚ ਵਿਘਨ ਪਾਣ ਦੇ ਬਰਾਬਰ ਹੈ। ਕਰਾਮਾਤ ਦਿਖਾਣ ਵਾਲਾ ਅਕਾਲ ਪੁਰਖ ਦਾ ਸ਼ਰੀਕ ਬਣ ਕੇ ਆਪਣੀ ਕਮਾਈ ਹੋਈ ਰੂਹਾਨੀ ਤਾਕਤ ਦੇ ਜ਼ੋਰ ਨਾਲ ਸਭ ਕੁਝ ਕਰਦਾ ਹੈ। ਸਿਧ ਸਾਈਂ ਬਾਬੇ ਨੇ ਪਿਛੇ ਜਿਹੇ ਅਮਰੀਕਾ ਦੇ ਰਾਜਦੂਤ ਨੂੰ ਦਿੱਲੀ ਬੈਠੇ ਬਿਠਾਏ ਇਕ ਛਿਨ ਵਿਚ ਅਮਰੀਕਾ ਤੋਂ, ਪਹਿਲਾਂ ਪੈਨ ਲਿਆ ਕੇ ਦਿਤਾ, ਤੇ ਫਿਰ ਉਸਦੀਂ ਰਸੀਦ, ਅਤੇ ਫਿਰ ਸੋਨੇ ਦੀ ਮੁੰਦਰੀ ਫੂਕ ਮਾਰ ਕੇ ਮੋਕਲੀ ਕਰ ਦਿਤੀ। ਇਹੋ ਜਿਹੇ ਕੰਮ ਨਾਟਕ ਚੇਟਕ ਹਨ, ਜਿਨ੍ਹਾਂ ਤੋਂ ਦਸਮੇਸ਼ ਪਿਤਾ ਜੀ ਨੇ ਬੜੇ ਸਪੱਸ਼ਟ ਉਪਦੇਸ਼ ਰਾਹੀਂ ਮੋੜਿਆ ਹੈ—

ਨਾਟਕ ਚੇਟਕ ਕੀਏ ਕੁਕਾਜਾ।
ਪ੍ਰਭ ਲੋਗਨ ਕਹਿ ਆਵਤ ਲਾਜਾ।

ਪ੍ਰਭੂ-ਪਿਤਾ ਦੇ ਪ੍ਰੇਮੀ-ਜਨਾਂ ਨੂੰ ਨਾਟਕਾਂ ਚੇਟਕਾਂ



www.AKJ.Org

ਬਾਰੇ ਗੱਲਾਂ ਕਰਦਿਆਂ ਭੀ ਲਾਜ ਆਉਂਦੀ ਹੈ, ਕਰਨਾ ਤਾਂ ਕਿਤੇ ਰਹਿਆ। ਨੌਵੇਂ ਸਤਿਗੁਰੂ ਜੀ ਨੇ ਔਰੰਗਜ਼ੇਬ ਨੂੰ ਇਹੋ ਜਿਹੇ ਚੇਟਕ ਦਿਖਾਣ ਤੋਂ ਸਾਫ਼ ਇਨਕਾਰ ਹੀ ਤਾਂ ਕੀਤਾ ਸੀ ਤੇ ਸ਼ਹੀਦ ਹੋਣਾ ਕਬੂਲ ਕੀਤਾ ਸੀ।

ਪਰ ਗੱਲ ਅਜੇ ਸਾਫ਼ ਨਹੀਂ ਹੋਈ। ਦੁਖ-ਭੰਜਨੀ ਬੇਰੀ ਤੇ ਕਰਾਮਾਤ ਵਰਤੀ, ਤੇ ਹੁਣ ਭੀ ਵਰਤਦੀ ਹੈ ਜੇ ਰੋਗੀ ਪੂਰਨ ਸ਼ਰਧਾ ਸਹਿਤ, ਨਿਰਸ਼ੰਕ ਹੋ ਕੇ ਨ੍ਹਾਵੇ। ਦਰ-ਅਸਲ ਕਰਾਮਾਤ ਦੇ ਮਸਲੇ ਤੇ ਵਿਚਾਰ ਕਰਨ ਵੇਲੇ ਸਾਨੂੰ ਕਰਾਮਾਤ ਵਿਖਾਣ ਵਾਲੇ ਦੀ ਹਸਤੀ ਬਾਰੇ ਸਾਫ਼ ਹੋਣਾ ਚਾਹੀਦਾ ਹੈ। ਗੁਰੂ ਨਾਨਕ ਅਤੇ ਉਨ੍ਹਾਂ ਤੋਂ ਪਿਛੋਂ ਦਸੋਂ ਗੁਰੂ ਸਾਹਿਬਾਨ (ਸ੍ਰੀ ਗੁਰੂ ਗ੍ਰੰਥ ਸਾਹਿਬ ਸੰਯੁਕਤ) ਅਕਾਲ ਪੁਰਖ ਜੀ ਦਾ ਵਿਸ਼ੇਸ਼ ਅਕਾਲ ਰੂਪ ਹਨ। ਜਿਵੇਂ ਭਾਈ ਗੁਰਦਾਸ ਜੀ ਨੇ ਲਿਖਿਆ ਹੈ—

ਇਕ ਬਾਬਾ ਅਕਾਲ ਰੂਪ,

ਗੁਰੂ ਨਾਨਕ ਦੇਵ ਜੀ ਦੀ ਮਹਿਮਾ ਵਿਚ ਭੱਟਾਂ ਨੇ ਗਵਾਹੀ ਦਿਤੀ ਹੈ—

"ਆਪਿ ਨਰਾਇਣੁ ਕਲਾ ਧਾਰਿ ਜਗ ਮਹਿ
ਪਰਵਰਿਯਉ ॥ [ਪੰਨਾ ੧੩੯੫)

ਭਾਈ ਮਨੀ ਸਿੰਘ ਜੀ ਵਾਲੀ ਜਨਮ ਸਾਖੀ ਵਿਚ ਅਤੇ ਪਿਛਲੇ ਸਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਪਰਕਾਸ਼ਤ ਹੋਈ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਬ੍ਰਿਤਾਂਤ ਉਪਰ ਪੁਸਤਕ ਵਿਚ ਇਕ ਸਾਖੀ ਆਉਂਦੀ ਹੈ, ਕਿ ਜਦੋਂ ਗੁਰੂ ਨਾਨਕ ਪਾਤਸ਼ਾਹ ਨੂੰ ਭਾਰੀ ਤਪੱਸਿਆ ਕਰਨ ਤੋਂ ਮਗਰੋਂ ਅਕਾਲ ਪੁਰਖ ਦੇ ਦਰਸ਼ਨ ਹੋਏ ਤਾਂ ਉਨ੍ਹਾਂ ਬਾਬਾ ਜੀ ਨੂੰ ਇਸ ਤਰ੍ਹਾਂ ਸੰਬੋਧਨ ਹੋ ਕੇ ਕਿਹਾ ਸੀ—

"ਨਾਨਕ, ਤੇਰਾ ਨਾਮ ਗੁਰ ਪਰਮੇਸ਼ਰ, ਮੇਰਾ
ਨਾਮ ਪਾਰਬ੍ਰਹਮ ਪਰਮੇਸ਼ਰ.. ।"

ਇਸ ਦੀ ਪ੍ਰੋੜ੍ਹਤਾ ਗੁਰਬਾਣੀ ਵਿਚੋਂ ਭੀ ਹੁੰਦੀ ਹੈ—

"ਗੁਰੁ ਪਰਮੇਸਰੁ ਏਕੋ ਜਾਣੁ ॥" (੮੬੪)

ਭਾਵ ਇਹ ਹੈ ਕਿ ਗੁਰੂ ਪਰਮੇਸ਼ਰ ਅਵਤਾਰ ਤਾਂ ਨਹੀਂ ਹੈ, ਕਿਉਂਕਿ ਵਾਹਿਗੁਰੂ ਅਜੂਨੀ ਹੈ, ਪਰ ਉਸਦੀ ਜੋਤਿ ਨਾਲ ਇਕ ਮਿਕ ਹੋਈ ਹਸਤੀ ਹੈ, ਜੋ ਪ੍ਰਾਣੀ ਮਾਤਰ ਦੇ ਉਧਾਰ ਲਈ, ਮਨੁੱਖੀ ਸਰੀਰ ਨੂੰ ਧਾਰਨ ਕਰਦੀ ਹੈ। ਗੁਰੂ ਦਾ ਵਡਾ ਪਰਯੋਜਨ ਗੁਰਬਾਣੀ ਵਿਚ ਦਿਤਾ ਹੈ—

ਜਨਮ ਮਰਣ ਦੁਹਹੂ ਮਹਿ ਨਾਹੀ ਜਨ
ਪਰਉਪਕਾਰੀ ਆਏ ॥ ਜੀਅ ਦਾਨੁ ਦੇ
ਭਗਤੀ ਲਾਇਨਿ, ਹਰਿ ਸਿਉ ਲੈਨਿ ਮਿਲਾਏ
॥੮॥ (ਪੰਨਾ ੭੪੯)

ਗੁਰੂ ਨੇ ਤਾਂ ਜੀਵਾਂ ਨੂੰ ਮਾਇਆ ਦੇ ਜਾਲ ਵਿਚੋਂ ਕਢ ਕੇ ਵਾਹਿਗੁਰੂ ਜੀ ਨਾਲ ਜੋੜਨਾ ਹੈ। ਇਸ ਕਾਰਜ ਦੀ ਪੂਰਤੀ ਲਈ ਗੁਰੂ ਇਕ ਸੁਤੰਤਰ ਹਸਤੀ ਹੈ। ਉਸ ਦੀ ਸ਼ਕਤੀ "ਅਨੰਤ ਕਲਾ" ਹੈ। ਕਦੋਂ ਅਤੇ ਕਿਥੇ ਜਾਂ ਕਿਵੇਂ ਇਸ ਅਕਾਲੀ ਸ਼ਕਤੀ ਨੂੰ ਵਰਤਣਾ ਹੈ, ਇਹ ਤਾਂ ਗੁਰੂ ਆਪ ਹੀ ਜਾਣਦਾ ਹੈ। ਅਸੀਂ ਤਾਂ ਅਲਪਗ ਹਾਂ। ਸਾਡੀ ਮਤ ਥੋੜੀ ਹੈ ਤੇ ਗੁਰੂ ਦੇ ਕੀਤੇ ਕੰਮਾਂ ਨੂੰ ਕਰਾਮਾਤ ਕਹਿ ਕੇ ਨਿੰਦਾ ਕਰਨ ਦੇ ਭਾਗੀ ਬਣਦੇ ਹਾਂ।

ਸੁਲਹੀ ਖ਼ਾਨ ਫ਼ੌਜ ਲੈ ਕੇ ਪੰਜਵੇਂ ਗੁਰੂ ਨਾਨਕ ਦੀ ਜੋਤਿ ਨੂੰ ਬੁਝਾਉਣ ਆ ਰਿਹਾ ਸੀ। ਪਰ ਕਿਵੇਂ ਅਤੇ ਕਿਉਂ ਉਸ ਦਾ ਘੋੜਾ ਭੱਠੇ ਵਿੱਚ ਜਾ ਖੜੋਤਾ? ਇਹ ਇਕ ਅਚੰਭਾ ਹੈ, ਜ਼ਾਹਰਾ ਕ੍ਰਿਸ਼ਮਾ ਹੈ। ਜਿਸ ਵਲ ਗੁਰੂਦੇਵ ਨੇ ਇਸ ਪੂਰੇ ਸ਼ਬਦ ਵਿਚ ਜ਼ਿਕਰ ਕੀਤਾ ਹੈ—

ਸੁਲਹੀ ਤੇ ਨਾਰਾਇਣ ਰਾਖੁ ॥ ਸੁਲਹੀ ਕਾ
ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ
ਨਾਪਾਕੁ ॥੧॥ਰਹਾਉ॥

ਇਸ ਸ਼ਬਦ ਦੀਆਂ ਅੰਤਲੀਆਂ ਤੁਕਾਂ ਹਨ—

ਪੁਤ੍ਰ ਮੀਤ ਧਨੁ ਕਿਛੂ ਨ ਰਹਿਓਸੁ ਛੋਡਿ
ਗਇਆ ਸਭ ਭਾਈ ਸਾਕੁ ॥ ਕਹੁ ਨਾਨਕ
ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ
ਪੂਰਨ ਵਾਕੁ ॥੨॥੧੮॥੧੦੪॥

(ਬਿਲਾਵਲ ਮ: ੫, ਪੰਨਾ ੮੨੫)

"ਜਨ ਕਾ ਕੀਨੋ ਪੂਰਨ ਵਾਕੁ" ਤੋਂ ਸਪੱਸ਼ਟ ਹੁਦਾ ਹੈ ਕਿ ਗੁਰੂਦੇਵ ਜੀ ਨੇ ਕੁਝ ਫ਼ੁਰਮਾਇਆ ਹੋਣਾ ਹੈ,



www.AKJ.Org

ਜਿਸ ਕਰਕੇ ਸੁਲਹੀ ਨਾਪਾਕ ਹੋ ਕੇ, ਸੜ ਕੇ ਮਰਿਆ । ਦਫਨ ਕਰਨ ਜੋਗਾ ਭੀ ਨਾ ਰਹਿਆ । ਪਰ ਇਹੋ ਪੰਜਵੇਂ ਗੁਰੂ ਨਾਨਕ ਤੱਤੀ ਤਵੀ ਤੇ ਬੈਠ ਕੇ ਸਾਡੇ ਲਈ ਅਡੋਲਤਾ ਦੇ ਪੂਰਨੇ ਪਾ ਰਹੇ ਹਨ । ਮੀਆਂ ਮੀਰ ਚਾਹੁੰਦਾ ਹੈ ਕਿ ਕੋਈ ਮੋਜਜ਼ਾ ਵਿਖਾ ਕੇ ਬਾਦਸ਼ਾਹ ਨੂੰ ਡਰਾਇਆ ਜਾਵੇ, ਪਰ ਨਹੀਂ, ਰਜ਼ਾ ਵਿਚ ਰਾਜ਼ੀ ਰਹਿਣ ਦਾ ਉਪਦੇਸ਼ ਦੇ ਕੇ, ਪੰਜਵੀਂ ਜੋਤਿ, ਜਾਮਾ ਤਬਦੀਲ ਕਰ ਲੈਂਦੀ ਹੈ ।

ਉਸ ਵੇਲੇ ਦੇ ਘੋਰ ਤੁਅਸਬੀ ਮੁਗ਼ਲ ਰਾਜ ਵਿਚ ਗ਼ੁਲਾਮ ਹਿੰਦੂ ਜਨਤਾ ਸਿਰ ਉਚਾ ਕਰ ਕੇ ਤੁਰ ਨਹੀਂ ਸੀ ਸਕਦੀ । ਹਿੰਦੂਆਂ ਦੇ ਪੀਰ, ਮਹਾਤਮਾਂ, ਸੰਤ, ਗੁਰੂ ਇਕ ਮੰਜੀ (ਡੇਢ ਫ਼ੁਟ ਉਚੀ) ਤੋਂ ਉਚੇ ਅਸਥਾਨ ਤੇ ਬੈਠ ਕੇ ਆਸਣ ਨਹੀਂ ਸਨ ਲਾ ਸਕਦੇ, ਘੋੜੇ ਦੀ ਸਵਾਰੀ ਕਰਨਾ ਉਨ੍ਹਾਂ ਲਈ ਮਨ੍ਹਾ ਸੀ । ਪਰ ਛੇਵੇਂ ਗੁਰੂ ਨਾਨਕ ਨੇ ਆਉਂਦਿਆਂ ਹੀ ਜ਼ਾਹਰਾ ਕ੍ਰਿਸ਼ਮੇ ਦਿਖਾਏ । ਘੋੜੇ ਦੀ ਸਵਾਰੀ, ਸ਼ਿਕਾਰ ਖੇਡਣਾ, ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨਣਾ, ਗੁਰੂ ਗੱਦੀ ਤੇ ਬਿਰਾਜਮਾਨ ਹੋਣ ਤੋਂ ਪੰਜ ਸਾਲਾਂ ਵਿਚ ਹੀ ਸ੍ਰੀ ਅਕਾਲ ਤਖ਼ਤ ਤੇ ਸਜ ਕੇ ਕਚਹਿਰੀ ਲਗਾਣਾ ਗੁਰੂ ਦੇਵ ਜੀ ਦੇ ਨਿਰਾਲੇ ਚੋਜ ਸਨ । ਉਹ ਮਾਲਕ ਹਨ, ਜਿਵੇਂ ਭਾਉਂਦਾ ਹੈ ਸੁਆਂਗ ਕਰ ਸਕਦੇ ਹਨ । ਬਾਲਕ ਬਾਬਾ ਅਟੱਲ ਰਾਏ ਜੀ ਨੇ ਬਾਲਪੁਣੇ ਵਿੱਚ ਆਪਣੇ ਸੁਰਗਵਾਸ ਹੋ ਗਏ ਸਾਥੀ ਨੂੰ ਆਵਾਜ਼ਾਂ ਦੇ ਕੇ ਜਦੋਂ ਜੀਉਂਦਾ ਕਰ ਦਿਤਾ ਤਾਂ ਗੁਰੂਦੇਵ ਨਾਰਾਜ਼ ਹੋਏ । ਬਾਬਾ ਅਟੱਲ ਰਾਏ ਜੀ ਨੂੰ ਉਸ ਦੇ ਬਦਲੇ ਜਾਨ ਦੇਣ ਦਾ ਹੁਕਮ ਦੇ ਦਿਤਾ । ਬਾਬਾ ਗੁਰਦਿਤਾ ਜੀ ਸਭ ਤੋਂ ਵਡੇ ਸਾਹਿਬਜ਼ਾਦੇ ਨੇ ਭੀ ਗਊ ਜੀਉਂਦੀ ਕਰਨ ਦੀ ਕਰਾਮਾਤ ਵਿਖਾਈ ਤਾਂ ਹਜ਼ੂਰ ਨੇ ਬੁਰਾ ਮਨਾਇਆ । ਮਾਲਕ ਜੁ ਹੋਏ । ਬਾਬਾ ਗੁਰਦਿਤਾ ਜੀ ਨੂੰ ਭੀ ਪ੍ਰਾਣ ਤਿਆਗਣੇ ਪਏ, ਕਿਉਂਕਿ ਕਰਾਮਾਤ ਨਿਜੀ ਸਵਾਰਥ ਲਈ ਵਰਤੀ ਗਈ ਸੀ ।

ਫਿਰ ਸਤਵੇਂ ਗੁਰੂ ਨਾਨਕ ਦੇ ਵੱਡੇ ਸਾਹਿਬਜ਼ਾਦੇ ਰਾਮਰਾਏ ਨੇ ਔਰੰਗਜ਼ੇਬ ਨੂੰ ਬਹੱਤਰ ਕਰਾਮਾਤਾਂ ਦਿਖਾਈਆਂ । ਮਾਲਕ ਨੇ ਮੱਥੇ ਨਹੀਂ ਲਾਇਆ । ਘਰੋਂ ਕੱਢ ਦਿਤਾ । ਪਰ ਕਹਿੰਦੇ ਹਨ, ਦਸਵੇਂ ਗੁਰੂ ਨਾਨਕ ਦੇ ਪਾਉਂਟੇ ਸਾਹਿਬ ਪੁਜਣ ਤੇ ਰਾਮਰਾਏ ਨੇ ਮਾਫ਼ੀ ਮੰਗੀ, ਤਾਂ ਹਜ਼ੂਰ ਨੇ ਗਲੇ ਲਾਇਆ, ਤੇ ਬਖਸ਼ਿਆ, ਪਰ ਆਪਣੇ ਸਿਖਾ ਨੂੰ ਰਾਮਰਾਈਆਂ ਨਾਲ ਨਾ ਵਰਤਣ ਦਾ ਹੁਕਮ ਕਰ ਗਏ, ਮਤੇ ਖਾਲਸੇ ਵਿਚ ਭੀ ਨਾਟਕਾਂ ਚੇਟਕਾਂ ਦੀ ਕਮਜ਼ੋਰੀ ਆ ਵੜੇ । ਜੇ ਸਤਿਗੁਰੂ ਸਾਹਿਬਾਨ ਦੇ ਸਾਹਮਣੇ ਕਰਾਮਾਤ ਦਿਖਾ ਕੇ ਦੁਨੀਆ ਨੂੰ ਵਸ ਕਰਨਾ ਹੁੰਦਾ, ਸਿਖੀ ਸੇਵਕੀ ਨੂੰ ਬਣਾਈ ਰਖਣ ਦਾ ਪਰਯੋਜਨ ਹੁੰਦਾ ਤਾਂ ਪੰਚਮ ਸਰੂਪ ਅਤੇ ਨੌਵੇਂ ਸਰੂਪ ਕਦੀ ਸ਼ਹੀਦ ਨਾ ਹੁੰਦੇ । ਦੋਹਾਂ ਸਤਿਗੁਰਾਂ ਨੇ ਦਿਲੀ ਦੇ ਸਮਰਾਟਾਂ ਦੇ ਸਿਰ ਤੇ ਠੀਕਰਾ ਫੋੜ ਕੇ ਪ੍ਰਭ-ਪੁਰਿ ਨੂੰ ਪਿਆਨੇ ਕਰਨਾ, ਕਰਾਮਾਤਾਂ ਦਿਖਾਣ ਨਾਲੋਂ ਚੰਗਾ ਸਮਝਿਆ ।

ਗੁਰੂ ਜੋਤਿ ਨੇ ਜੀਵ ਮਾਤਰ ਨੂੰ ਰੱਬ ਨਾਲ ਜੋੜਨਾ ਹੈ, ਮਾਇਆ ਦੇ ਭਰਮ-ਜਾਲ ਨੂੰ ਗਿਆਨ ਦੀ ਖੜਗ ਨਾਲ ਤੋੜਨਾ ਹੈ । ਕਰਾਮਾਤ ਐਵੇਂ ਕਦੀ ਭੀ ਨਹੀਂ ਦਿਖਾਈ ਗਈ, ਮਨੁਖ ਮਾਤਰ ਦੇ ਸੁਧਾਰ ਹਿਤ ਸਹਿਜ ਸੁਭਾਏ ਕੋਈ ਕ੍ਰਿਸ਼ਮਾ ਹੋ ਗਿਆ ਤਾਂ ਉਹ ਲੋਕਾਂ ਭਾਣੇ ਕਰਾਮਾਤ ਹੋ ਨਿਬੜਿਆ । ਵਲੀ ਕੰਧਾਰੀ ਦਾ ਹੰਕਾਰ ਐਵੇਂ ਨਹੀਂ ਸੀ ਟੁਟਣਾ । ਪੀਰ ਹਮਜ਼ਾ ਗੌਂਸ ਦਾ ਚਲੀਹਾ ਐਵੇਂ ਨਹੀਂ ਸੀ ਖੰਡਤ ਹੋਣਾ । ਕੌਡੇ ਰਾਖਸ਼ ਦਾ ਸੁਧਾਰ ਇਸੇ ਤਰ੍ਹਾਂ ਕਰਨਾ ਸੀ । ਸਿਧਾਂ ਨਾਲ ਵਾਰਤਾਲਾਪ ਉਨ੍ਹਾਂ ਦੀ ਬੋਲੀ ਵਿੱਚ ਹੀ ਕਰਨੀ ਯੋਗ ਸੀ । ਗੁਰੂ ਨਾਨਕ ਪਾਤਸ਼ਾਹ ਦੇ ਆਲੇ ਦੁਆਲੇ ਵਲ ਜ਼ਰਾ ਝਾਤ ਮਾਰ ਕੇ ਤਾਂ ਵੇਖੋ, ਪੀਰ, ਫਕੀਰ, ਸਿਧ, ਮਹਾਤਮਾਂ, ਸੰਤ-ਸਮੂਹ ਅਨੇਕਾਂ ਮਤਾਂ ਦੇ ਝੁਰਮਟ ਪਾਈ ਬੈਠੇ ਸਨ । ਬਾਬਾ ਜੀ ਨੂੰ ਆਪਣੇ ਵਲ ਖਿਚਣ ਦੀ ਕੋਸ਼ਿਸ਼ ਕਰਦੇ ਹੋਣਗੇ, ਕਰਾਮਾਤਾਂ ਵਿਖਾ ਕੇ, ਉਚੀ ਬੋਲ ਕੇ, ਸੰਗਸਾਰ ਕਰਨ ਦਾ ਆਦੇਸ਼ ਦੇ ਕੇ, ਜੇਲ੍ਹਾਂ ਵਿਚ ਪਾ ਕੇ । ਆਪ ਗੁਰ ਪਰਮੇਸ਼ਰ ਸਨ, ਮਾਲਕ ਸਨ, ਉਨ੍ਹਾਂ ਨੇ ਜਿਥੇ ਜਿਥੇ ਜੋ ਕੁਝ ਕੀਤਾ ਹੈ, ਉਹ ਰੱਬੀ ਰਜ਼ਾ ਵਿਚ ਪੂਰਾ ਸੀ । ਕਦੀ ਸ਼ਰੀਕ ਬਣ ਕੇ ਨਹੀਂ ਕੀਤਾ । ਉਹ ਆਪ ਮਾਲਕ ਸਨ ਤੇ ਜੋ ਕੁਝ



www.AKJ.Org

ਬੋਲਦੇ ਸਨ ਜਾਂ ਕਰਦੇ ਸਨ, ਸਭ ਰਜ਼ਾ ਵਿਚ ।

ਦਸਮੇਸ਼ ਜੀ ਨੇ ਖ਼ਾਲਸਾ ਪਰਗਟ ਕਰਨ ਸਮੇਂ ਬੰਦ ਤੰਬੂ ਵਿਚ ਪੰਜ ਸਿੰਘਾਂ ਨੂੰ ਲਿਜਾ ਕੇ ਜੋ ਕੌਤਕ ਰਚਿਆ, ਉਹ ਅਲੌਕਿਕ ਹੀ ਸੀ, ਇਤਿਹਾਸ-ਕਾਰ ਇਸ ਤੋਂ ਮਾਰ ਜੀਵਾਲਣ ਦੀ ਕਰਾਮਾਤ ਦੇ ਭੁਲੇਖੇ ਵਿਚ ਉਲਝ ਰਹੇ ਹਨ, ਪਰ—

"ਆਗਿਆ ਭਈ ਅਕਾਲ ਕੀ
ਤਬੀ ਚਲਾਇਓ ਪੰਥ"

ਵਾਲੇ ਸਪੱਸ਼ਟ ਅਕਾਲੀ ਹੁਕਮ ਅਨੁਸਾਰ ਹੀ ਉਹ ਸਭ ਕੁਝ ਕਰ ਰਹੇ ਸਨ । ਅਸੀਂ ਬਹੁਤੇ ਪੜ੍ਹੇ ਲਿਖੇ ਸਿਆਣੇ ਲੋਕ ਸ਼ੰਕਿਆਂ ਵਿਚ ਫਸੇ ਰਹਿੰਦੇ ਹਾਂ । ਪਰ ਸ਼ੰਕੇ ਕਰਨ ਦਾ ਥਾਉਂ ਨਹੀਂ । ਦੁਨੀਆ ਦੇ ਸਾਰੇ ਪੈਗੰਬਰਾਂ ਦਾ ਇਤਿਹਾਸ ਉਨ੍ਹਾਂ ਬਾਰੇ ਲਿਖੇ ਅਨੇਕਾਂ ਪ੍ਰਸੰਗਾਂ ਨਾਲ ਭਰਪੂਰ ਮਿਲੇਗਾ । ਪਰ ਕਦੀ ਕਿਸੇ ਪੈਗੰਬਰ ਨੇ ਆਪਣੀ ਸ੍ਵੈ-ਜੀਵਨੀ "ਬਚਿਤਰ ਨਾਟਕ" ਨਹੀਂ ਲਿਖਿਆ । ਨਾ ਹੀ ਇਤਨੀ ਖੁਲ੍ਹ-ਖੇਡ ਤੋਂ ਕੰਮ ਲਿਆ ਹੋਵੇਗਾ, ਇਹ ਕਹਿਣ ਵਿਚ ਕਿ "ਅਕਾਲ ਪੁਰਖ ਨੇ ਮੈਨੂੰ ਆਪਣਾ ਪੁਤਰ ਕਹਿ ਕੇ ਨਿਵਾਜਿਆ । ਪਰ ਮੈਂ ਤਾਂ ਉਸਦਾ ਦਾਸ ਹਾਂ । ਮੈਨੂੰ ਜੋ ਕੋਈ ਪਰਮੇਸਰ ਸਮਝ ਕੇ ਮੰਨੇਗਾ, ਜਾਂ ਪੂਜੇਗਾ, ਉਹ ਨਰਕਾਂ ਦਾ ਭਾਗੀ ਹੋਵੇਗਾ । ਮੈਂ ਤਾਂ ਕੇਵਲ ਦਾਸ ਹਾਂ । ਜਿਵੇਂ ਉਹ ਹੁਕਮ ਕਰਦੇ ਹਨ ਮੈਂ ਕੰਮ ਕਰੀ ਜਾਂਦਾ ਹਾਂ । ਮੈਂ ਤਾਂ ਜਗਤ ਤਮਾਸ਼ਾ ਹੀ ਦੇਖਣ ਵਾਸਤੇ ਇਥੇ ਭੇਜਿਆ ਗਿਆ ਹਾਂ ।" ਕੀ ਇਹ ਸਾਰੀ ਵਾਰਤਾ ਦਸਣੀ ਭੀ ਕਰਾਮਾਤ ਨਹੀਂ ਹੈ ? ਨਹੀਂ ਨਹੀਂ, ਇਹ ਤਾਂ ਪ੍ਰੀਤਮ ਦੀ ਮੌਜ ਹੈ । ਉਸਦੇ ਚੋਜ ਹਨ । ਉਹ ਮਾਲਕ ਹਨ । ਪਰਮੇਸ਼ਰ ਵਰਗੀ ਹਸਤੀ ਨੇ ਜਿਨ੍ਹਾਂ ਨੂੰ ਗਲੇ ਲਗਾ ਕੇ ਆਪਣਾ ਪੁੱਤਰ ਬਣਾ-ਇਆ ਹੋਵੇ, ਤੇ ਫਿਰ ਭੀ ਉਹ ਉਸਦੇ ਦਾਸ ਬਣੇ ਰਹਿਣ, ਇਹੀ ਤਾਂ ਗੁਰੂ ਘਰ ਦੀ ਨਿਰਮਾਣਤਾ ਹੈ । ਅਸਲੋਂ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਦਸਵੇਂ ਜਾਮੇ ਤਕ ਇਹ ਆਪਾ ਭਾਵ ਮਿਟਾਈ ਰਖਣ ਦੀ ਜੋ ਪਰੰਪਰਾ ਬੰਨ੍ਹੀ ਗਈ ਹੈ ਉਸ ਵਿਚ ਕਿਤੇ ਕਾਂਪ ਨਹੀਂ ਆਈ । ਇਹ ਕਰਾਮਾਤ ਨਹੀਂ, ਸਗੋਂ ਪਿਆਰੇ ਦੀ ਵਡਿਆਈ ਕੀਤੀ ਹੈ ।

ਜੇ ਚਾਹੁੰਦੇ, ਆਪਣੇ ਸਰਬੰਸ ਦਾ ਸਰਬ ਨਾਸ਼ ਹੋਣ ਤੋਂ ਬਚਾ ਸਕਦੇ ਸੀ । ਪਰ ਉਸ ਮਾਲਕ ਦਾ ਕਰਜ਼ ਤਾਂ ਉਤਾਰਨਾ ਸੀ । ਸ਼ਰੀਕ ਨਹੀਂ ਬਣੇ । ਯਾਰੜੇ ਦਾ ਸਥਰ ਚੰਗਾ ਮੰਨਿਆ, ਕੰਡਿਆਂ ਦੀ ਸੇਜਾ ਨੂੰ ਚੁੰਮ ਕੇ ਮਾਣਿਆ । ਕਰਾਮਾਤ ਦਿਖਾਣ ਦੇ ਬੜੇ ਮੌਕੇ ਆਏ, ਜੰਗਾਂ ਜੁੱਧਾਂ ਵਿਚ, ਪਰ ਆਪਣਾ ਆਦਰਸ਼ ਉਚਾ ਰਖਿਆ । ਸੇਧ ਅਕਾਲ ਪੁਰਖ ਵਲ ਸੀ । ਉਸਦੀ ਚਾਕਰੀ, ਉਸ ਦੀ ਰਜ਼ਾ ਪੂਰਨ ਵੇਖਣੀ ਇਹੋ ਲਾਲਸਾ ਸੀ ।

ਕੀ ਖਾਲਸਾ ਸਾਜਣਾ ਕੋਈ ਘਟ ਕਰਾਮਾਤ ਹੈ ? ਸਵਾ ਲਖ ਨਾਲ ਇਕ ਨੂੰ ਲੜਾ ਦੇਣ ਦਾ ਸਾਹਿਸ ਬਖ਼ਸ਼ਣਾ, ਕੋਈ ਘਟ ਮੌਜਜ਼ਾ ਸੀ ? ਅਜ ਤਕ ਕਿਸੇ ਪੈਗੰਬਰ ਨੇ ਇਉਂ ਦੀਵਾਨ ਲਗਾ ਕੇ ਅਕਾਲ ਪੁਰਖ ਦੀ ਆਗਿਆ ਦਾ ਐਲਾਨ ਨਹੀਂ ਕੀਤਾ ਤੇ ਨਾ ਹੀ ਪੰਥ ਸਾਜਿਆ ਸੀ । ਪੰਥ ਸਾਜ ਕੇ ਆਪਣੀ ਮੋਹਰ ਨਹੀਂ ਲਾਈ, ਸਗੋਂ ਇਹੋ ਕਿਹਾ—

ਖਾਲਸਾ ਅਕਾਲ ਪੁਰਖ ਕੀ ਫ਼ੌਜ ॥
ਪ੍ਰਗਟਿਉ ਖਾਲਸਾ ਪਰਮਾਤਮ ਕੀ ਮੌਜ ॥

ਜੇ ਖਾਲਸਾ "ਪਰਮਾਤਮ ਕੀ ਮੌਜ" ਵਿਚੋਂ ਉਤਪੰਨ ਹੋਇਆ ਹੈ ਤਾਂ ਕੀ ਇਹ ਕਰਾਮਾਤ ਨਹੀਂ ? ਕੀ ਇਸ ਦਾ ਵਿਖਾਵਾ ਕਹਿਰ ਮੰਨਿਆ ਜਾਏ ? ਹਰਗਿਜ਼ ਨਹੀਂ । ਇਥੇ ਤਾਂ ਸਵਾਲ ਹੈ ਮਾਲਕ ਦਾ । ਮਾਲਕ ਨੂੰ ਜੋ ਭਾਉਂਦਾ ਹੈ ਗੁਰੂ ਪਰਮੇਸ਼ਰ ਰਾਹੀਂ ਕਰਵਾ ਦਿੰਦਾ ਹੈ । ਗੁਰੂ ਪਰਮੇਸ਼ਰ ਸਾਧਨ ਭੀ ਹੈ ਤੇ ਮਾਲਕ ਭੀ । ਜੇ ਇਹ ਪਰਵਾਨ ਕੀਤਾ ਜਾਏ ਤਾਂ ਕਰਾਮਾਤਾਂ ਦਾ ਝਗੜਾ ਹੀ ਖ਼ਤਮ ਹੋ ਜਾਂਦਾ ਹੈ ।

ਗੁਰੂ ਵਿਅਕਤੀਆਂ ਨੇ ਜੋ ਜੋ ਵੀ ਕੌਤਕ ਜਾਂ ਕ੍ਰਿਸ਼ਮੇ ਵਿਖਾਏ ਉਹ ਅਕਾਲ ਪੁਰਖ ਦੀ ਆਗਿਆ ਵਿਚ ਹੀ ਵਰਤਾਏ । ਚਾਹੇ ਉਹ ਨਗੀਨਾ ਘਾਟ ਹੈ ਜਾਂ ਹੀਰਾ ਘਾਟ ਹੈ । ਚਾਹੇ ਮਜਨੂੰ ਦੇ ਟਿਲੇ ਹਾਥੀ ਜੀਊਂਦਾ ਕਰਨ ਦਾ ਚਮਤਕਾਰਾ ਹੈ । ਹੈ ਸੀ ਉਸ ਦੀ ਰਜ਼ਾ ਵਿਚ ਹੀ ।

ਪਰ ਇਸ ਸੂਖਮ ਦਲੀਲ ਦੇ ਟਾਕਰੇ ਤੇ ਕੀ ਗੁਰੂ ਕੇ ਸਿਖਾਂ ਸੰਤਾਂ, ਮਹਾਂਪੁਰਖਾਂ ਵਲੋਂ ਦਿਖਾਈਆਂ



www.AKJ.Org

ਗਈਆਂ ਜਾਂ ਹੁਣ ਭੀ ਵੇਖਣ ਵਿਚ ਆਉਂਦੀਆਂ ਕਰਾਮਾਤਾਂ ਕਹਿਰ ਹਨ ? ਮਾਲਕ ਮਾਲਕ ਹੁੰਦਾ ਹੈ, ਸੇਵਕ ਸੇਵਕ। ਗੁਰਸਿਖ ਨੇ ਤਾਂ ਸਦਾ ਆਪਣੇ ਮਾਲਕ ਦੀ ਆਗਿਆ ਵਿੱਚ ਹੀ ਰਹਿਣਾ ਹੈ। ਵਰ ਜਾਂ ਸਰਾਪ, ਮੌਜਜ਼ੇ ਦਿਖਾਣੇ ਉਸਨੂੰ ਸ਼ੋਭਦੇ ਨਹੀਂ, ਅਤੇ ਨਾ ਹੀ ਉਹ ਦਿਖਾਂਦਾ ਹੈ। ਪਰ ਉਸ ਪਾਸ ਭੀ ਇਕ ਉਪਾ ਹੈ—

ਨਾਨਕ ਹੁਕਮੁ ਨ ਚਲਈ, ਨਾਲਿ ਖਸਮ ਚਲੈ
ਅਰਦਾਸਿ ॥੨੨॥ [ਆਸਾ ਕੀ ਵਾਰ, ੪੭੪

ਆਪਣੇ ਪ੍ਰੀਤਮ ਅਗੇ ਸਦਾ ਅਰਦਾਸ ਕਰਦੇ ਰਹਿਣਾ ਹੀ ਸੋਭਦਾ ਹੈ। ਮਹਾਂਪੁਰਖਾਂ ਦੀਆਂ ਅਰਦਾਸਾਂ ਸਦਕਾ ਪੰਥਕ ਇਤਿਹਾਸ ਵਿਚ ਅਨੇਕਾਂ ਅਖੀਂ ਡਿੱਠੇ, ਹੱਡੀਂ ਬੀਤੇ ਕ੍ਰਿਸ਼ਮੇ ਹੋਏ ਹਨ। ਭਾਈ ਤਾਰੂ ਸਿੰਘ ਜੀ, ਭਾਈ ਮਨੀ ਸਿੰਘਜੀ,ਬਾਬਾ ਦੀਪ ਸਿੰਘ ਜੀ,'ਤੇ ਅਨੇਕਾਂ ਗੁਰੂ ਕੇ ਲਾਲਾਂ ਨੇ ਜਿਸ ਬਿਧ ਸ਼ਹੀਦੀਆਂ ਦਿਤੀਆਂ, ਉਹ ਅਦੁਤੀ ਹਨ, ਤੇ ਆਮ ਲੋਕਾਂ ਦੇ ਭਾਅ ਦੀਆਂ ਅਣਬੁਝ ਬੁਝਾਰਤਾਂ ਹੀ ਹਨ। ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਰੰਗ ਚਲੂਲੇ ਮਾਣ ਕੇ ਚਾਲੀ ਚਾਲੀ ਦਿਨ ਭੁੱਖੇ ਰਹਿਣਾ ਤੇ ਨਾਮ ਦੇ ਆਧਾਰ ਤੇ ਟਿਕੇ ਰਹਿਣਾ ਕ੍ਰਿਸ਼ਮੇ ਹੀ ਤਾਂ ਹਨ। ਪਰ ਇਹ ਸਭ ਕੁਝ ਲੋਕਾਂ ਨੂੰ ਡਰਾਮਾ ਦਿਖਾਣ ਲਈ ਨਹੀਂ ਸਨ ਕੀਤੇ ਗਏ। ਨਾਟਕੀ ਢੰਗ ਨਾਲ ਪੇਸ਼ ਕਰਨ ਵਾਲੇ ਮਦਾਰੀ ਤਾਂ ਹੋ ਸਕਦੇ ਹਨ, ਪਰ ਭਗਤ ਨਹੀਂ।

ਗੁਰੂ ਸਾਹਿਬਾਨ ਆਪ ਇਕ ਅਕਾਲ ਦੇ ਭਗਤ ਸਨ, ਤੇ ਉਨ੍ਹਾਂ ਨੇ ਆਪਣੇ ਸਿਖਾਂ ਨੂੰ ਭੀ ਪ੍ਰੇਮਾ-ਭਗਤੀ ਮਾਰਗ ਤੇ ਤੁਰਨ ਦਾ ਉਪਦੇਸ਼ ਦਿਤਾ ਤੇ ਸਾਵਧਾਨ ਕੀਤਾ ਕਿ ਮਤ ਕੋਈ ਸਿਖ ਕਰਾਮਾਤਾਂ ਦੇ ਜਾਂ ਰਿਧੀਆਂ ਸਿਧੀਆਂ ਦੇ ਚਕਰ ਵਿਚ ਪੈ ਜਾਵੇ—

ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ
ਅਵਰਾ ਸਾਦ ॥ (ਜਪੁਜੀ ਸਾਹਿਬ)

ਪ੍ਰਭੂ ਮਾਲਕ ਹੈ। ਤੇ ਸਾਰੀ ਸ੍ਰਿਸ਼ਟੀ ਉਸਦੀ ਨਥੀ ਹੋਈ ਹੈ। ਕਰਾਮਾਤਾਂ ਹੋਰ ਪਾਸੇ ਦਾ ਸਵਾਦ ਹੈ। ਜਿਹੜੇ ਕਰਾਮਾਤਾਂ ਵਿਖਾਂਦੇ ਹਨ ਉਹ ਰੱਬ ਦੀ ਰਜ਼ਾ ਵਿਚ ਪ੍ਰੋਤੇ ਰਹਿਣਾ ਨਹੀਂ ਚਾਹੁੰਦੇ, ਸਗੋਂ ਉਸ ਤੋਂ ਸੁਤੰਤਰ ਹੋ ਕੇ ਵਿਚਰਨਾ ਚਾਹੁੰਦੇ ਹਨ। ਇਸ ਲਈ ਇਸ ਚੇਸ਼ਟਾ ਦਾ ਧਰਮ ਨਾਲ ਕੋਈ ਸੰਬੰਧ ਨਹੀਂ। ਗੁਰੂ ਨਾਨਕ ਦੇ ਘਰ ਵਿਚ ਕਦੇ ਭੀ ਕਰਾਮਾਤਾਂ ਨਹੀਂ ਦਿਖਾਈਆਂ ਗਈਆਂ, ਸਗੋਂ ਸਭ ਹੁਕਮ ਅੰਦਰ ਹੀ ਵਰਤਿਆ ਹੈ।

---

# ਇਹੁ ਮਨੁ ਅੰਧਾ ਬੋਲਾ ਹੈ ਕਿਸੁ ਆਖਿ ਸੁਣਾਏ ?

[ਵਲੋਂ—ਡਾਕਟਰ ਖ਼ਜ਼ਾਨ ਸਿੰਘ ਜੀ, ਚੋਹਲਟਾ ਕਲਾਂ]

ਜੋ ਉਪਦੇਸ਼ ਕਰੇਂ ਗ਼ੈਰਾਂ ਨੂੰ, ਜੇ ਨਿੱਜ ਚਿੱਤ ਵਸਾਵੇਂ,
ਇਸ ਹਨੇਰੀ ਦੁਨੀਆ ਅੰਦਰ, ਚੰਦ ਵਾਂਗ ਚੜ੍ਹ ਜਾਵੇਂ।
ਆਪ ਕਰੇਂ ਨ ਲੋਕਾਂ ਦਸੇਂ, ਕੌਣ ਤੇਰੀ ਗੱਲ ਮੰਨੇ,
ਤਾਹੀਓਂ ਦਰ ਦਰ ਠੇਡੇ ਖਾਵੇਂ, ਫਿਰ ਫਿਰ ਲੋਕ ਹਸਾਵੇਂ।
ਜਿਹੜੀ ਚੀਜ਼ ਪਾਸ ਨਹੀਂ ਤੇਰੇ, ਤਿਸ ਦਾ ਰੌਲਾ ਕਿਹਾ,
ਤੇਰਾ ਬੋਲਣ ਸੁੰਞੇ ਘਰ ਵਿਚ, ਕਊਏ ਬੋਲਣ ਜਿਹਾ।
ਜੇ ਤੂੰ ਆਪ ਪਿਆਸਾ ਏਂ ਤਾਂ, ਛਡ ਬੁਲਬੁਲ ਦੀਆਂ ਰੀਸਾਂ,
ਕਿਸੇ ਸ਼ਜਰ ਦੀ ਟਹਿਣੀ ਉਤੇ, ਬਣ ਕੇ ਬੈਠ ਪਪੀਹਾ।



www.AKJ.Org

# ਗੁਰ-ਦੀਖਿਆ—ਅੰਮ੍ਰਿਤ (੨)

[ਵਲੋਂ :—ਭਾਈ ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜਾ]

**ਖ਼ਾਲਸਾ-ਰਹਿਤ ਦੀ ਅਜੋਕੀ ਦਸ਼ਾ—**

ਸਿੱਖ ਕੌਮ ਦੀ ਅਜੋਕੀ ਦਸ਼ਾ ਨੂੰ ਦੇਖ ਕੇ ਲੋਕਾਂ ਨੇ ਸਿੱਖਾਂ ਸੂਰਬੀਰ ਦੇ ਸੂਰਮਗਤੀ ਦੇ ਕਾਰਨਾਮਿਆਂ ਸੰਬੰਧੀ ਸ਼ੱਕ ਕਰਨਾ ਸ਼ੁਰੂ ਕਰ ਦਿਤਾ ਹੈ। ਉਹਨਾਂ ਦਾ ਸ਼ੱਕ ਕਰਨਾ ਕਿਸੇ ਹੱਦ ਤਕ ਹੈ ਵੀ ਉਚਿਤ, ਕਿਉਂ ਜੁ ਐਸ ਵੇਲੇ ਸਿੱਖਾਂ ਦੀ ਬਹੁ-ਗਿਣਤੀ, ਬਗੈਰ ਕਿਸੇ ਵਲੋਂ ਦਬਾਉ ਦੇਣ ਦੇ ਕੇਸਾਂ ਦੀ ਬੇਅਦਬੀ ਕੇਵਲ ਫ਼ੈਸ਼ਨ ਅਤੇ ਐਸ਼-ਪ੍ਰਸਤੀ ਦੇ ਅਧੀਨ ਕਰ ਰਹੀ ਹੈ। ਨਸ਼ਿਆਂ ਦੀ ਵਰਤੋਂ ਕਰਨ ਵਿਚ ਸਿੱਖ ਕੌਮ ਸਭ ਤੋਂ ਅਗੇ ਸਮਝੀ ਜਾਂਦੀ ਹੈ। ਹੈਫ਼ ਦੀ ਗੱਲ ਹੈ ਕਿ ਸਿੱਖਾਂ ਦੇ ਕੇਂਦਰੀ ਅਸਥਾਨ—ਅੰਮ੍ਰਿਤਸਰ ਵਿਚ ਸਿਖ ਕੇਵਲ ਆਪ ਹੀ ਖੁਲ੍ਹਮ-ਖੁਲ੍ਹਾ ਕੇਸਾ ਦੀ ਬੇਅੱਦਬੀ ਨਹੀਂ ਕਰ ਰਹੇ ਸਗੋਂ ਨਾਈ ਬਣ ਕੇ ਲੋਕਾਂ ਦੀਆਂ ਹਜਾਮਤਾਂ ਕਰਨ ਦਾ ਪੇਸ਼ਾ ਅਖ਼ਤਿਆਰ ਕਰੀ ਬੈਠੇ ਹਨ। ਅਜਿਹੀਆਂ ਪਰਤੱਖ ਮਿਸਾਲਾਂ ਸਾਹਮਣੇ ਹੁੰਦਿਆਂ ਕਿਸੇ ਨੂੰ ਕਿਵੇਂ ਵਿਸ਼ਵਾਸ ਆਵੇ ਕਿ ਪੁਰਾਤਨ ਸਿੰਘਾਂ ਨੇ ਕੇਸ ਕਤਲ ਕਰਵਾਣੇ ਤਾਂ ਪ੍ਰਵਾਨ ਨਾ ਕੀਤੇ ਪਰ ਖੋਪਰੀਆਂ ਉਤਰਵਾ ਲਈਆਂ, ਬੰਦ ਬੰਦ ਕਟਵਾ ਲਏ ਆਦਿ।

ਫਿਰ ਪਤਿਤ ਕਰਮ ਕਰਨ ਵਾਲਿਆਂ ਵਿਅਕਤੀਆਂ ਨੂੰ ਸਿਖ ਸਮਾਜ ਵਿਚ ਐਸ ਸਮੇਂ ਸਤਿਕਾਰ ਪੂਰਬਕ ਅਸਥਾਨ ਪ੍ਰਾਪਤ ਹੈ। ਉਨ੍ਹਾਂ ਦਾ ਪ੍ਰਸ਼ਾਦ ਸ੍ਰੀ ਅਕਾਲ-ਤਖ਼ਤ ਸਾਹਿਬ ਅਤੇ ਹੋਰ ਤਖ਼ਤਾਂ ਉਤੇ, ਬਾਕੀ ਦੇ ਕੇਂਦਰੀ ਅਸਥਾਨਾਂ ਉਤੇ ਪਰਵਾਨ ਕਰ ਲਿਆ ਜਾਂਦਾ ਹੈ। ਤੁਛ ਜਹੀ ਮਾਇਆ ਭੇਟ ਕਰਨ ਉਤੇ ਉਨ੍ਹਾਂ ਨੂੰ ਸਿਰਪਾਉ ਬਖ਼ਸ਼ ਕੇ ਸਤਿਕਾਰਿਆ ਤੇ ਸਨਮਾਨਿਆ ਜਾਂਦਾ ਹੈ। ਪਤਿਤ-ਕਰਮੀ ਵਿਅਕਤੀਆਂ ਦੇ ਅਨੰਦ-ਕਾਰਜ ਤਖ਼ਤਾਂ ਉਤੇ ਕਰਵਾਏ ਜਾਂਦੇ ਹਨ। ਇਸ ਤੋਂ ਇਹ ਭਾਵ ਨਿਕਲਦਾ ਹੈ ਕਿ ਉਨ੍ਹਾਂ ਨੂੰ ਕੇਸਾਂ ਦੀ ਬੇਅਦਬੀ ਕਰਨ ਅਤੇ ਨਸ਼ਿਆਂ ਦੀ ਖੁਲ੍ਹਮ-ਖੁਲ੍ਹਾ ਵਰਤੋਂ ਕਰਨ ਦੇ ਬਾਵਜੂਦ ਕੌਮ ਨੇ ਪੰਥਕ ਤੌਰ ਤੇ 'ਸਿਖ' ਕਰ ਕੇ ਪਰਵਾਨਿਆ ਹੋਇਆ ਹੈ। ਇਹ ਸਭ ਕੁਝ ਸ਼ਾਇਦ ਇਸ ਲਈ ਹੈ ਕਿ ਪੰਥ ਦੇ ਅਖੌਤੀ ਚੌਧਰੀਆਂ ਨੂੰ ਆਪਣੀ ਚੌਧਰ ਪ੍ਰਾਪਤ ਕਰਨ ਅਤੇ ਫਿਰ ਕਾਇਮ ਰਖਣ ਲਈ ਉਨ੍ਹਾਂ ਦੀਆਂ ਵੋਟਾਂ ਦੀ ਮੁਥਾਜੀ ਹੁੰਦੀ ਹੈ। ਭਾਵੇਂ ਕਾਨੂੰਨ ਕੇਸਾਂ ਦੀ ਬੇਅਦਬੀ ਕਰਨ ਵਾਲੇ ਵਿਅਕਤੀਆਂ ਨੂੰ ਗੁਰਦਵਾਰਾ-ਚੋਣਾਂ ਵਿਚ ਵੋਟ ਪਾਉਣ ਦੀ ਆਗਿਆ ਨਹੀਂ ਦਿੰਦਾ, ਪਰ ਚੌਧਰ-ਪ੍ਰਾਪਤੀ ਦੀ ਹਵਸ ਵਿਚ ਪਾਗਲ ਹੋਏ ਸਾਡੇ ਮੈਂਬਰੀ-ਦੇ-ਭੋਖੜ-ਸਜਨ ਉਨ੍ਹਾਂ ਦੀ ਝੋਲੀ-ਚੁਕੀ ਕਰਦੇ ਹਨ। ਸਗੋਂ ਉਨ੍ਹਾਂ ਨੂੰ ਪਲਿਓਂ ਸ਼ਰਾਬਾਂ ਪਿਆ ਕੇ ਆਪਣੇ ਹੱਕ ਵਿਚ ਵੋਟ ਪੁਆਉਂਦੇ ਹਨ। ਇਹ ਕੁਝ ਉਹ ਉਮੀਦਵਾਰ ਕਰਦੇ ਹਨ, ਜਿਨ੍ਹਾਂ ਨੂੰ ਪੰਥਕ ਟਿਕਟ ਦਿਤਾ ਗਿਆ ਹੁੰਦਾ ਹੈ। ਅਜਿਹੇ ਖ਼ੁਦਗ਼ਰਜ਼ ਤੇ ਪੰਥ-ਦੋਖੀ ਉਮੀਦਵਾਰ ਕਾਮਯਾਬ ਹੋ ਕੇ ਵੀ ਪੰਥ ਦੀਆਂ ਜੜ੍ਹਾਂ ਵਿਚ ਤੇਲ ਹੀ ਦਿੰਦੇ ਰਹਿੰਦੇ ਹਨ। ਪਰ ਇਹ ਕੁਰੀਤੀ ਆਪੋ ਆਪਣੀ ਚੌਧਰ ਕਾਇਮ ਰਖਣ ਲਈ ਕੀਤੀ ਜਾਂਦੀ ਹੈ।

ਜੇ ਸਰਕਾਰ ਗੁਰਦਵਾਰਾ ਕਾਨੂੰਨ ਦੀ ਆਪਣੇ ਹਿਤਾਂ ਲਈ ਅਯੋਗ ਵਰਤੋਂ ਕਰੇ ਤਾਂ ਸਰਕਾਰ ਨੂੰ ਭੰਡਿਆ ਜਾਂਦਾ ਹੈ। ਠੀਕ ਹੈ। ਪਰ ਜੇ ਕਾਨੂੰਨ ਦੀ ਮਿੱਟੀ ਆਪ ਹੀ ਪੰਥ ਦੇ ਨਾਂ ਉਤੇ ਪਲੀਤ ਕੀਤੀ ਜਾਵੇ ਤਾਂ ਕਿਵੇਂ ਉਚਿਤ ਹੈ!

ਕੋਈ ਵੇਲਾ ਸੀ ਕਿ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਲਈ ਸੀਸ ਭੇਟ ਕਰਨਾ ਵੀ ਸਸਤਾ ਸੌਦਾ ਸਮਝਿਆ ਜਾਂਦਾ ਸੀ, ਪਰ ਅਜ ਬਗੈਰ ਸਿਰ ਦੇਣ ਦੇ ਵੀ, ਅੰਮ੍ਰਿਤ ਛਕਣ ਲਈ ਕੋਈ ਤਿਆਰ ਨਹੀਂ। ਇਸ ਦਾ ਖ਼ਾਸ ਕਾਰਨ ਇਹ ਹੈ ਕਿ ਜਗਿਆਸੂਆਂ ਨੂੰ ਮਰਯਾਦਾ ਪੂਰਬਕ ਦੀਖਿਅਤ ਨਹੀਂ ਕੀਤਾ ਜਾ ਰਿਹਾ, ਜਿਸ ਦੇ ਫਲਸਰੂਪ ਉਹਨਾਂ ਦੇ ਜੀਵਨ ਵਿਚ ਅੰਮ੍ਰਿਤ ਛਕਣ ਦੇ ਬਾਵਜੂਦ ਕੋਈ ਪਰਿਵਰਤਨ ਨਹੀਂ ਆਉਂਦਾ। ਉਹਨਾਂ ਦੇ ਜੀਵਨ-ਚੱਜ ਵਿਚ



www.AKJ.Org

ਵਿਸ਼ੇਸ਼ ਸੁਧਾਰ ਨਾ ਹੋਣ ਕਾਰਨ ਕਿਸੇ ਨੂੰ ਅੰਮ੍ਰਿਤ ਛਕਣ ਦੀ ਪ੍ਰੇਰਨਾ ਕਿਵੇਂ ਮਿਲੇ ? ਗੁਰਦੀਖਿਅਤ ਕਰਨ ਵਿਚ ਨਾਮ-ਗੁਰਮੰਤ੍ਰ ਅਤੇ ਗੁਰਬਾਣੀ ਪਹਿਲੇ ਦੀ ਤਰ੍ਹਾਂ ਆਪਣੇ ਅਸਲੀ ਰੂਪ ਵਿਚ ਮੌਜੂਦ ਹਨ। ਬਾਣੀ ਦੇ ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਗਟ ਗੁਰਾਂ ਦੀ ਦੇਹ ਮੂਲ ਰੂਪ ਵਿਚ ਸਾਡੇ ਪਾਸ ਹਨ। ਭਾਵ ਗੁਰੂ-ਜੋਤਿ ਵਿਚ ਕੋਈ ਤਬਦੀਲੀ ਨਹੀਂ। ਸੋ ਜੇ ਕੋਈ ਢਿੱਲ ਜਾਂ ਘਾਟ ਵਾਪਰੀ ਹੈ ਤਾਂ ਉਹ ਕੇਵਲ ਜੁਗਤ ਵਰਤਾਉਣ ਵਿਚ ਹੀ ਵਾਪਰੀ ਹੈ। ਉਹ ਢਿੱਲ ਕਿਸ ਕਿਸਮ ਦੀ ਹੈ ? ਉਸ ਦਾ ਪਤਾ ਲਾਉਣ ਲਈ ਹੇਠ ਲਿਖੀਆਂ ਗੱਲਾਂ ਉਤੇ ਵਿਚਾਰ ਕਰਨੀ ਉਚਿਤ ਹੈ :

(ੳ) ਕੀ ਅੰਮ੍ਰਿਤ-ਸਿੰਚਾਰ ਕਰਨ ਲਈ ਜਿਹੜੇ ਜਿਹੜੇ ਵਿਅਕਤੀਆਂ ਦੀ ਚੋਣ ਕੀਤੀ ਜਾਂਦੀ ਹੈ, ਉਹ ਮਨ, ਬਚ ਕਰਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਗਟ ਗੁਰਾਂ ਕੀ ਦੇਹ ਮੰਨਦੇ ਹਨ ? ਕੀ ਉਹਨਾਂ ਦੇ ਆਪਣੇ ਘਟ ਅੰਦਰ ਪੂਰਨ ਜੋਤਿ ਦਾ ਪ੍ਰਕਾਸ਼ ਹੋਇਆ ਹੁੰਦਾ ਹੈ ? ਅਥਵਾ ਉਹਨਾਂ ਦੇ ਆਪਣੇ ਅੰਦਰ ਸਿਮਰਨ ਸਾਸ ਗਿਰਾਸ ਚਲਦਾ ਹੈ ?

(ਅ) ਕੀ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਸਮੇਂ ਪੂਰਨ ਇਕਾਗਰਤਾ ਵਿਚ ਸਮੁੱਚੀਆਂ ਅੰਮ੍ਰਿਤ-ਬਾਣੀਆਂ ਦਾ ਪਾਠ ਕੀਤਾ ਜਾਂਦਾ ਹੈ ? ਕੀ, ਰਹਿਤ ਮਰਯਾਦਾ ਆਪਣੇ ਮੂਲ-ਰੂਪ ਵਿਚ ਦ੍ਰਿੜ੍ਹਾਈ ਜਾਂਦੀ ਹੈ ? ਉਸ ਵਿਚ ਕੋਈ ਤਬਦੀਲੀ ਜਾਂ ਢਿਲਤਾਈ ਤਾਂ ਨਹੀਂ ?

**ਵਿਚਾਰ :**

(ੳ) ਕੋਈ ਜਗਦਾ ਦੀਵਾ ਹੀ ਕਿਸੇ ਨੂੰ ਜਗਾ ਸਕਦਾ ਹੈ। ਗੁਰਦੀਖਿਆ-ਸੰਸਕਾਰ ਸਮੇਂ ਪੰਜਾਂ ਪਿਆਰਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਗੁਰੂ-ਰੂਪ ਵਿਚ ਜੁਗਤਿ ਵਰਤਾਉਣੀ ਹੁੰਦੀ ਹੈ। ਇਸ ਲਈ ਇਸ ਸੰਸਕਾਰ ਦੀ ਮੁਢਲੀ ਸ਼ਰਤ ਇਹ ਹੈ ਕਿ ਪੰਜਾਂ ਪਿਆਰਿਆਂ ਦੀ ਸੇਵਾ ਲਈ ਅਜਿਹੇ, ਤੇ ਕੇਵਲ ਅਜਿਹੇ ਵਿਅਕਤੀਆਂ ਦੀ ਚੋਣ ਕੀਤੀ ਜਾਇਆ ਕਰੇ ਜੋ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਨ, ਬਚ, ਕਰਮ ਕਰਕੇ ਪ੍ਰਗਟ ਗੁਰਾਂ ਕੀ ਦੇਹ ਮੰਨਦੇ ਹੋਣ, ਖ਼ਾਲਸਾ ਰਹਿਤ ਵਿਚ ਤਤਪਰ ਹੋਣ ਅਤੇ ਉਹਨਾਂ ਦਾ ਨਾਮ ਦੀ ਅਤੁੱਟ ਕਮਾਈ ਦੀ ਤੁਫ਼ੈਲ ਸਿਮਰਨ ਸਾਸ ਗਿਰਾਸ ਚਲਦਾ ਹੋਵੇ। ਆਮ ਦੇਖਣ ਵਿਚ ਆਉਂਦਾ ਹੈ ਕਿ ਇਸ ਅਸੂਲ ਦੀ ਪਾਲਣਾ ਅਮਲੀ ਤੌਰ ਤੇ ਨਹੀਂ ਕੀਤੀ ਜਾਂਦੀ। ਕਹਾਵਤ ਹੈ, "ਜਿੰਨਾ ਗੁੜ ਓਨਾ ਮਿੱਠਾ"। ਸੋ ਅੰਮ੍ਰਿਤ ਸਮਾਗਮ ਉਤੇ ਓਨੀ ਕੁ ਹੀ ਚੜ੍ਹਦੀ ਕਲਾ ਵਰਤ ਸਕਦੀ ਹੈ ਜਿੰਨੀ ਚੜ੍ਹਦੀ ਕਲਾ ਵਾਲੇ ਪੰਚ, ਅੰਮ੍ਰਿਤ-ਸਿੰਚਾਰ ਕਰਨ ਵਾਲੇ ਪੰਜ ਪਿਆਰੇ ਹੋਣ। ਗੁਰਦੀਖਿਆ ਦੀ ਮੂਲ ਸ਼ਿਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਤੇ ਮਨ, ਬਚ, ਕਰਮ ਕਰਕੇ ਭਰੋਸਾ ਕਰਨਾ ਹੈ। ਇਸ ਭਰੋਸੇ ਦੇ ਅਧਾਰ ਤੇ ਹੀ ਕੋਈ ਆਪਣਾ ਤਨ, ਮਨ, ਧਨ ਗੁਰੂ ਨੂੰ ਅਰਪਨ ਕਰਨ ਲਈ, ਅਥਵਾ ਗੁਰੂ-ਹੁਕਮਾਂ ਉਤੇ ਨਿਛਾਵਰ ਕਰਨ ਲਈ ਤਿਆਰ ਹੋ ਸਕਦਾ ਹੈ। ਸਿੱਖ ਪੰਥ ਦੀ ਢਹਿੰਦੀ ਕਲਾ ਦਾ ਮੂਲ ਕਾਰਨ ਇਸ ਭਰੋਸੇ ਦੀ ਘਾਟ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਐਵੇਂ ਗੱਲੀਂ ਬਾਤੀਂ ਗੁਰੂ ਮੰਨਿਆ ਜਾ ਰਿਹਾ ਹੈ। ਅਸਲੀ ਅਰਥਾਂ ਵਿਚ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਈ ਢੰਗਾਂ ਨਾਲ ਬੇਅਦਬੀ ਹੋ ਰਹੀ ਹੈ। ਜਿਵੇਂ—

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਅਸ਼ੁੱਧ ਰੂਪ ਵਿਚ ਛਪਾਈ ਕੀਤੀ ਜਾ ਰਹੀ ਹੈ।

(ਅ) ਸ੍ਰੀ ਗੁਰੂ ਗ੍ਰੰਥ ਜੀ ਨੂੰ ਆਮ ਵਰਤੋਂ ਦੀਆਂ ਚੀਜ਼ਾਂ ਵਾਂਗ ਬਜ਼ਾਰਾਂ ਵਿਚ ਰਖ ਕੇ, ਘਟ ਵਧ ਮੁੱਲ ਕਰ ਕੇ ਵੇਚਿਆ ਜਾ ਰਿਹਾ ਹੈ। ਗੁਰੂ ਦਾ ਬਜ਼ਾਰਾਂ ਵਿਚ ਵੇਚੇ ਜਾਣਾ ਸਿਖ ਕੌਮ ਦੇ ਨਿਰਮਲ ਮੁਖ ਉਤੇ ਕਲੰਕ ਦਾ ਟਿੱਕਾ ਹੈ।

(ੲ) ਸਿਖ ਸੰਸਥਾਵਾਂ ਅਤੇ ਪਰਚਾਰਕ ਸ਼੍ਰੇਣੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੇਵਲ ਧਨ ਦੀ ਖੱਟੀ ਤੇ ਸਤਿਕਾਰ-ਪ੍ਰਾਪਤੀ ਦਾ ਸਾਧਨ ਬਣਾ ਕੇ ਹੀ ਵਰਤਿਆ ਜਾ ਰਿਹਾ ਹੈ।

(ਸ) ਆਮ ਨਿਜੀ ਅਤੇ ਸਮੂਹਕ ਸਮਾਗਮਾਂ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕ ਧਾਰਮਿਕ ਪੁਸਤਕ ਕਰ ਕੇ ਹੀ ਵਰਤਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਝੂਠ ਦੇ ਪੁੱਲ ਉਸਾਰੇ ਜਾਂਦੇ



www.AKJ.Org

ਹਨ, ਇਕ ਦੂਜੇ ਉਤੇ ਗੰਦ ਉਛਾਲਿਆ ਜਾਂਦਾ ਹੈ, ਬੰਦਿਆਂ ਦੇ "ਜ਼ਿੰਦਾ-ਬਾਦ" "ਮੁਰਦਾ-ਬਾਦ" ਦੇ ਨਾਹਰੇ ਲਾਏ ਜਾਂਦੇ ਹਨ।

(ਹ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਨੰਦ ਕਾਰਜ ਕਰਾ ਕੇ, ਫਿਰ ਇਹ ਸਬੰਧ ਕਚਹਿਰੀਆਂ ਵਿਚ ਜਾ ਕੇ ਤੋੜੇ ਜਾਂਦੇ ਹਨ।

(ਕ) ਵਿਰੋਧੀ ਅਨਸਰ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ, ਈਰਖਾ ਕਾਰਨ ਕਈ ਵਾਰੀ ਬੇਹੁਰਮਤੀ ਕੀਤੀ ਜਾਂਦੀ ਹੈ।

ਉਪਰੋਕਤ ਗੱਲਾਂ ਇਸ ਗੱਲ ਦੀਆਂ ਸੂਚਕ ਹਨ ਕਿ ਪੰਥਕ ਤੌਰ ਤੇ ਵੀ ਸਾਡਾ ਗੁਰੂ ਪ੍ਰਤੀ ਵਿਸ਼ਵਾਸ ਪਤਲਾ ਤੇ ਪੋਲਾ ਹੈ।

ਸਿੱਖਾਂ ਦਾ ਸ਼ਬਦ ਗੁਰ 'ਪੀਰਾ' ਦਾ ਸਿਧਾਂਤ ਤੇ ਨਿਸਚਾ ਪਰਪੱਕ ਹੈ, ਜਿਸਦੇ ਪ੍ਰਗਟ ਪ੍ਰਮਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਸ ਵਿਸ਼ਵਾਸ ਦੀ ਪ੍ਰਪੱਕਤਾ ਬਗੈਰ, ਅੰਦਰ ਨਾਮ ਦਾ ਪ੍ਰਕਾਸ਼ ਨਹੀਂ ਹੋ ਸਕਦਾ ਤੇ ਸਿਮਰਨ ਸਾਸ ਗਿਰਾਸ ਨਹੀਂ ਚਲ ਸਕਦਾ।

ਗੁਰਬਾਣੀ ਦੀ ਪਾਰਸ-ਕਲਾ ਤਾਂ ਹੀ ਵਰਤਦੀ ਹੈ ਜੇ ਇਕ-ਮਨ, ਇਕ-ਚਿੱਤ ਹੋ ਕੇ ਨਿਸ਼ਕਾਮ ਭਾਵਨਾ ਵਿਚ ਪਾਠ ਕੀਤਾ ਜਾਵੇ।

> ਗੁਰ ਸਭਾ ਏਵ ਨ ਪਾਈਐ, ਨ ਨੇੜੈ ਨਾ ਦੂਰਿ ॥ ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ ॥੨॥ [ਮ: ੩, ਪੰਨਾ ੮੪

ਸਾਜ਼ ਵਿਚੋਂ ਰਾਗ ਤਾਂ ਹੀ ਉਤਪੰਨ ਹੋ ਸਕਦਾ ਹੈ ਜੇ ਉਸਦੀਆਂ ਸਾਰੀਆਂ ਸੁਰਾਂ ਠੀਕ ਹੋਣ। ਗੁਰੂ ਬਾਬੇ ਨੇ ਕਾਜ਼ੀ ਅਤੇ ਨਵਾਬ ਦੌਲਤ ਖ਼ਾਂ ਦੀ ਸੋਧ-ਪ੍ਰਬੋਧ ਕੇਵਲ ਇਸ ਗੱਲ ਕਾਰਨ ਹੀ ਕੀਤੀ ਸੀ ਕਿ ਉਹ ਸਰੀਰਕ ਊਠਕ-ਬੈਠਕ ਅਤੇ ਸੁਰਤ-ਹੀਣ ਤੋਤਾ-ਰਟਣੀ ਨੂੰ ਹੀ ਨਮਾਜ਼ ਪੜ੍ਹਨਾ ਸਮਝੀ ਬੈਠੇ ਸਨ। ਇਸ ਸਾਖੀ ਦੁਆਰਾ ਗੁਰੂ ਬਾਬੇ ਦਾ ਭਾਵ ਸਾਰੇ ਸੰਸਾਰ ਦੇ ਧਾਰਮਿਕ ਲੋਕਾਂ ਨੂੰ ਦ੍ਰਿੜ੍ਹ ਕਰਾਉਣਾ ਸੀ ਕਿ ਰੱਬੀ ਕਲਾਮ ਦਾ ਇਕਾਗਰਤਾ-ਹੀਨ ਉਚਾਰਨ ਫੋਕੇ ਫ਼ਾਇਰ ਵਾਂਗ ਹੈ ਤੇ ਇਸ ਦੁਆਰਾ ਸਾਰਥਕ ਸਿੱਟੇ ਨਹੀਂ ਨਿਕਲ ਸਕਦੇ। ਫੁਰਨਿਆਂ ਦੇ ਅਭਾਵ ਹੋਏ ਬਗੈਰ ਇਕਾਗਰਤਾ ਨਹੀਂ ਆ ਸਕਦੀ:

ਪਾਵਰ-ਹਾਊਸ ਨਾਲ ਜੁੜਨ ਕਰਕੇ ਵੀ ਤਾਰਾਂ ਵਿਚ ਬਿਜਲੀ ਪ੍ਰਵੇਸ਼ ਕਰ ਸਕਦੀ ਹੈ। ਜੇ ਤਾਰਾਂ ਪਾਵਰ-ਹਾਊਸ ਨਾਲ ਜੁੜੀਆਂ ਹੀ ਨਾ ਹੋਣ ਤਾਂ ਉਹ ਬਲਬਾਂ ਨੂੰ ਕਿਵੇਂ ਜਗਾ ਸਕਦੀਆਂ ਹਨ।

ਸੋ ਜਗਿਆਸੂਆਂ ਨੂੰ ਗੁਰ-ਸ਼ਬਦ ਵਿਚ ਜੋੜਨ ਲਈ ਅੰਮ੍ਰਿਤ-ਸਿੰਚਾਰੀ ਪੰਜ-ਪਿਆਰਿਆਂ ਦਾ ਅੰਮ੍ਰਿਤ ਤਿਆਰ ਕਰਦੇ ਸਮੇਂ ਆਪ ਸ਼ਬਦ ਵਿਚ ਜੁੜ ਕੇ ਗੁਰੂ ਨਾਲ ਇਕ-ਸੁਰ ਹੋਣਾ ਪਰਮ ਜ਼ਰੂਰੀ ਹੈ। ਜੇ ਇਕਾਗਰਤਾ ਅਤੇ ਇਕਸੁਰਤਾ ਨਹੀਂ ਬਣਦੀ ਤਾਂ ਅੰਮ੍ਰਿਤ-ਸਿੰਚਾਰ ਇਕ ਰਸਮ ਜਿਹੀ ਰਹਿ ਜਾਂਦਾ ਹੈ। ਅਜਿਹੇ ਰਸਮੀ ਅੰਮ੍ਰਿਤ ਛਕਣ ਦੇ ਬਾਵਜੂਦ ਜਗਿਆਸੂਆਂ ਨੂੰ ਗੁਰਸਿੱਖੀ ਜੀਵਨ ਦੀ ਸਹੀ ਲਾਗ ਨਹੀਂ ਲਗਦੀ। ਇਸ ਵਿਚ ਵਿਚਾਰੇ ਜਗਿਆਸੂਆਂ ਦਾ ਕੀ ਦੋਸ਼ ਹੈ?

ਅਗਲੀ ਗੱਲ ਹੈ ਸਮੁਚੀਆਂ ਬਾਣੀਆਂ ਪੜ੍ਹਨ ਦੀ। ਇਸ ਬਾਰੇ ਵੀ ਵਿਚਾਰਾਂ ਦਾ ਵਿਖੇਵਾਂ ਚੱਲ ਰਿਹਾ ਹੈ। ਵਰਤਮਾਨ ਅੰਮ੍ਰਿਤ-ਸਿੰਚਾਰਾਂ ਵਿਚ ਵੱਖ ਵੱਖ ਅੰਮ੍ਰਿਤ-ਸਿੰਚਾਰੀ ਜੱਥਿਆਂ ਵਲੋਂ ਵੱਖ ਵੱਖ ਬਾਣੀਆਂ ਪੜ੍ਹੀਆਂ ਜਾਂਦੀਆਂ ਅਤੇ ਅਗੋਂ ਨਿਤਪ੍ਰਤਿ ਪੜ੍ਹਨ ਲਈ ਦ੍ਰਿੜ੍ਹਾਈਆਂ ਜਾਂਦੀਆਂ ਹਨ, ਜਿਹਾ ਕਿ:

**ਅੰਮ੍ਰਿਤ ਸੰਚਾਰ ਸਮੇਂ ਪੜ੍ਹੀਆਂ ਜਾ ਰਹੀਆਂ ਬਾਣੀਆਂ :—**

(ੳ) (੧) ਜਪੁ, (੨) ਜਾਪੁ, (੩) ਸੁਧਾ ਸਵਯੇ, (੪) ਬੇਨਤੀ ਚਉਪਈ (ਦੁਸ਼ਟ ਦੋਖ ਤੇ ਲੇਹੁ ਬਚਾਈ ਤਕ), (੫) ਅਨੰਦ ਸਾਹਿਬ ਦੀਆਂ ਛੇ ਪੌੜੀਆਂ।

(ਅ) (੧) ਜਪੁ, (੨) ਜਾਪੁ, (੩) ਸੁਧਾ ਸਵਯੇ, (੪) ਬੇਨਤੀ ਚਉਪਈ (ਦੁਸ਼ਟ ਦੋਖ ਤੇ ਲੇਹੁ ਬਚਾਈ ਤਕ), (੫) ਅਨੰਦ ਸਾਹਿਬ ਪੂਰਾ (ਚਾਲੀ ਪਉੜੀਆਂ)।

(ੲ) (੧) ਜਪੁ, (੨) ਜਾਪੁ, (੩) ਸੁਧਾ ਸਵਯੇ, (੪) ਬੇਨਤੀ ਚਉਪਈ ("ਪੁਨ ਰਾਛਸ ਕਾ ਕਾਟਾ ਸੀਸਾ" ਤੋਂ ਅਰੰਭ ਕਰ ਕੇ ਅੜਿੱਲ ਸਮੇਤ)।



www.AKJ.Org

(੫) ਅਨੰਦ ਸਾਹਿਬ ਪੂਰਾ (ਚਾਲੀ ਪਉੜੀਆਂ)।

**ਨਿਤਾਪ੍ਰਤਿ ਦੇ ਨਿਤਨੇਮ ਲਈ ਦੱਸੀਆਂ ਜਾ ਰਹੀਆਂ ਬਾਣੀਆਂ :—**

(ੳ) ਅੰਮ੍ਰਿਤ ਵੇਲੇ—ਜਪੁ, ਜਾਪੁ, ਸੁਧਾ ਸਵਯੇ (ਤਿੰਨ ਬਾਣੀਆਂ)।

ਸ਼ਾਮ ਸੋ ਦਰੁ—('ਤਨੁ ਮਨੁ ਥੀਵੈ ਹਰਿਆ' ਤਕ) ਬਿਰਾਜਣ ਸਮੇਂ ਸੋਹਿਲਾ।

(ਅ) ਅੰਮ੍ਰਿਤ ਵੇਲੇ—ਜਪੁ, ਜਾਪੁ, ਸੁਧਾ ਸਵਯੇ, ਬੇਨਤੀ ਚਉਪਈ, ਅਨੰਦ ਸਾਹਿਬ, (ਪੰਜ ਬਾਣੀਆਂ) ਸ਼ਾਮ—ਸੋਦਰ ('ਸਗਲੇ ਦੂਖ ਜਾਹਿ' ਤਕ) ਬਿਰਾਜਣ ਸਮੇਂ—ਸੋਹਿਲਾ।

**ਰਹਿਤ ਮਰਯਾਦਾ ਵਿਚ ਵਿਭਿੰਨਤਾ—**

ਚਾਰ ਬੱਜਰ ਕੁਰਹਿਤਾਂ ਦੇ ਮੂਲ-ਰੂਪ ਵਿਚ ਤਾਂ ਕੋਈ ਅੰਤਰ ਨਹੀਂ, ਪਰ ਉਹਨਾਂ ਦੀ ਅਗੋਂ ਵਿਆਖਿਆ ਵਿਚ ਜ਼ਰੂਰ ਭਿੰਨਤਾ ਨਜ਼ਰ ਆਉਂਦੀ ਹੈ :

(੧) ਕਈ ਕੁੱਠੇ ਤੋਂ ਭਾਵ ਮੁਸਲਮਾਨੀ ਤਰੀਕੇ ਨਾਲ ਸਾਰੇ ਜਾਨਵਰਾਂ ਤੋਂ ਪ੍ਰਾਪਤ ਕੀਤੇ ਹੋਏ ਮਾਸ ਤੋਂ ਲੈਂਦੇ ਹਨ, ਪਰ ਦੂਜੇ ਪਾਸੇ ਕਈ ਅੰਮ੍ਰਿਤ-ਸਿੰਚਾਰੀ ਜਥੇ ਕੁੱਠੇ ਦਾ ਅਰਥ (ਕੋਹਿਆ ਹੋਇਆ) ਜਾਨਵਰਾਂ ਨੂੰ ਕਿਸੇ ਵੀ ਤਰੀਕੇ ਨਾਲ ਮਾਰ ਕੇ ਪ੍ਰਾਪਤ ਕੀਤਾ ਮਾਸ ਕਰਦੇ ਹਨ ਤੇ ਇਸ ਦੀ ਵਰਤੋਂ ਵਿਵਰਜਤ ਕਰਦੇ ਹਨ।

(੨) ਕਈ ਅੰਮ੍ਰਿਤ-ਸਿੰਚਾਰੀ ਜਥਿਆਂ ਵਲੋਂ ਕੇਸਕੀ (ਛੋਟੀ ਦਸਤਾਰ) ਨੂੰ ਰਹਿਤ ਦਾ ਅੰਗ ਦਸਿਆ ਤੇ ਦ੍ਰਿੜ੍ਹਾਇਆ ਜਾਂਦਾ ਹੈ ਅਤੇ ਇਸ ਨੂੰ ਨਾ ਧਾਰਨ ਕਰਨ ਵਾਲੇ ਅਥਵਾ ਨੰਗੇ ਸਿਰ ਘਰ ਜਾਂ ਬਾਹਰ ਵਿਚਰਨ ਵਾਲੇ ਵਿਅਕਤੀ ਸਿੰਘ ਅਤੇ ਸਿੰਘਣੀ ਨੂੰ ਕੁਰਹਿਤੀਆ ਗਰਦਾਨਿਆ ਜਾਂਦਾ ਹੈ। ਅਤੇ ਕਈ ਅੰਮ੍ਰਿਤ-ਸਿੰਚਾਰੀ ਜੱਥੇ ਇਸ ਰਹਿਤ ਦਾ ਜ਼ਿਕਰ ਤਕ ਨਹੀਂ ਕਰਦੇ।

(੩) ਅੰਮ੍ਰਿਤ-ਸਿੰਚਾਰ ਸਮੇਂ ਰੋਟੀ ਬੇਟੀ ਦੀ ਸਾਂਝ ਕੇਵਲ ਅੰਮ੍ਰਿਤਧਾਰੀਆਂ ਨਾਲ ਰੱਖਣ ਦਾ ਉਪਦੇਸ਼ ਕੀਤਾ ਜਾਂਦਾ ਹੈ, ਪਰ ਬਹੁਤੀ ਥਾਈਂ ਅੰਮ੍ਰਿਤ-ਸਿੰਚਾਰੀ ਜਥੇ ਖ਼ੁਦ ਹੀ ਗ਼ੈਰ-ਅੰਮ੍ਰਿਤ-ਧਾਰੀਆਂ ਦੇ ਘਰਾਂ ਵਿਚ ਅਤੇ ਕਈ ਵਾਰੀ ਹੋਟਲਾਂ ਵਿਚ ਖਾਣ ਤੋਂ ਸੰਕੋਚ ਨਹੀਂ ਕਰਦੇ, ਭਾਵ ਇਸ ਰਹਿਤ ਦੀ ਆਪ ਉਲੰਘਣਾ ਕਰਦੇ ਹਨ।

(੪) ਅੰਮ੍ਰਿਤ ਛਕਣ ਪਿਛੋਂ ਵੀ ਲੋਕੀਂ ਥਾਓਂ ਥਾਈਂ ਭਜਨ ਪੁਛਦੇ ਫਿਰਦੇ ਹਨ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਕਈ ਜੱਥੇ ਅੰਮ੍ਰਿਤ ਛਕਣ ਵਾਲੇ ਵਿਅਕਤੀਆਂ ਨੂੰ ਨਾਮ ਗੁਰਮੰਤ੍ਰ ਦ੍ਰਿੜ੍ਹਾਉਂਦੇ ਹੀ ਨਹੀਂ।

(੫) ਕਈ ਥਾਈਂ ਵਿਆਹੇ ਹੋਏ ਵਿਅਕਤੀਆਂ ਨੂੰ ਤਾਂ ਹੀ ਅੰਮ੍ਰਿਤ ਛਕਾਇਆ ਜਾਂਦਾ ਹੈ ਜੇ ਉਹ ਦੰਪਤੀ ਇਕੱਠੇ ਅੰਮ੍ਰਿਤ ਛਕਣ ਲਈ ਪੇਸ਼ ਹੋਣ। ਜੇ ਦੋਹਾਂ ਵਿਚੋਂ ਇਕ ਸਾਥੀ ਤਿਆਰ ਹੋਵੇ ਅਤੇ ਦੂਜਾ ਸਾਥੀ ਨਾ ਮੰਨਦਾ ਹੋਵੇ ਤਾਂ ਉਹਨਾਂ ਵਿਚੋਂ ਇਕੱਲੇ ਨੂੰ ਅੰਮ੍ਰਿਤ ਤਾਂ ਹੀ ਛਕਾਇਆ ਜਾਂਦਾ ਹੈ ਜੇਕਰ ਉਹ ਪ੍ਰਣ ਕਰੇ ਕਿ ਜਿੰਨੀ ਦੇਰ ਤਕ ਉਸਦਾ ਦੂਜਾ ਜੀਵਨ-ਸਾਥੀ ਅੰਮ੍ਰਿਤ ਨਹੀਂ ਛਕ ਲੈਂਦਾ ਉਹ ਉਸ ਨਾਲ ਅਭੇਦ ਨਹੀਂ ਹੋਵੇਗਾ। ਇਸ ਦੇ ਉਲਟ ਕਈ ਥਾਈਂ ਦੰਪਤੀ ਵਿਚੋਂ ਜੇ ਇਕ ਵਿਅਕਤੀ ਅੰਮ੍ਰਿਤ ਛਕਣ ਲਈ ਪੇਸ਼ ਹੋਵੇ ਤਾਂ ਉਸਨੂੰ ਇਕੱਲੇ ਨੂੰ ਹੀ ਬਗੈਰ ਕਿਸੇ ਸ਼ਰਤ ਦੇ ਅੰਮ੍ਰਿਤ ਛਕਾ ਦਿਤਾ ਜਾਂਦਾ ਹੈ। ਕਈ ਵਾਰੀ ਦੂਜਾ ਜੀਵਨ-ਸਾਥੀ ਪਤਿਤ-ਕਰਮੀ ਹੁੰਦਾ ਹੈ ਜੋ ਅੰਮ੍ਰਿਤ ਛਕਣ ਤੋਂ ਬਿਲਕੁਲ ਮਨੁਕਰ ਹੁੰਦਾ ਹੈ। ਅਜਿਹੇ ਜੀਵਨ-ਸਾਥੀਆਂ ਨਾਲ ਅਭੇਦ ਹੋਣ ਮਗਰੋਂ ਪਤਾ ਨਹੀਂ ਅੰਮ੍ਰਿਤਧਾਰੀ ਜੀਵਨ-ਸਾਥੀ ਦਾ ਅੰਮ੍ਰਿਤ ਛਕਣਾ ਜਾਂ ਉਸ ਨੂੰ ਅੰਮ੍ਰਿਤ ਛਕਾਏ ਜਾਣਾ ਕੀ ਅਰਥ ਰਖਦਾ ਹੈ?

**ਸਿੱਟਾ :**

(੧) ਗੁਰਦੀਖਿਆ-ਅੰਮ੍ਰਿਤ, ਪ੍ਰੇਤਹੁ ਦੇਵਤਾ ਕਰਨ, ਨਦਰੀ ਨਦਰ ਨਿਹਾਲ ਕਰਨ ਦਾ ਕਲਾ-ਕ੍ਰਿਸ਼ਮਾਇਣੀ ਸੰਜੋਗ ਹੈ। ਇਹ ਆਤਮ-ਜਾਗ ਹੈ! ਜੀਅ ਦਾਨ ਹੈ!!

(੨) ਗੁਰ ਦੀਖਿਆ-ਹੀਣ ਮਨੁੱਖ ਪਸ਼ੂ ਦੀ ਨਿਆਈਂ ਹੀ ਹੁੰਦਾ ਹੈ। ਗੁਰਬਾਣੀ ਵਿਚ ਅਜਿਹੇ ਮਨੁੱਖ ਦੇ ਜੀਵਨ ਨੂੰ ਧ੍ਰਿਕਾਰ ਅਤੇ ਫਿਟਕਾਰ ਹੀ ਪਾਈ ਹੋਈ ਹੈ।



www.AKJ.Org

(੩) ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਪੂਰਨ-ਜੋਤਿ-ਪ੍ਰਕਾਸ਼ੀ ਤੇ ਆਤਮ-ਦਰਸੀ, ਖ਼ਾਲਸਾ-ਰਹਿਤ ਵਿਚ ਤਿਆਰ-ਬਰ-ਤਿਆਰ ਪੰਜ ਪਿਆਰਿਆਂ ਪਾਸੋਂ ਗੁਰ-ਦੀਖਿਆ-ਅੰਮ੍ਰਿਤ ਪ੍ਰਾਪਤ ਕਰਨਾ ਹਰੇਕ ਸਿੱਖ ਮਾਤਰ ਲਈ ਪਰਮ ਜ਼ਰੂਰੀ ਹੈ।

(੪) ਸਿੱਖ ਧਰਮ ਦਾ ਸੁਨਹਿਰੀ ਇਤਿਹਾਸ ਗੁਰ-ਦੀਖਿਆ-ਅੰਮ੍ਰਿਤ ਦੀ ਹੀ ਵਡਮੁੱਲੀ ਦੇਣ ਹੈ। ਦੀਖਿਆ ਪ੍ਰਾਪਤੀ ਤੋਂ ਅਜੋਕੀ ਬੇਰੁਖੀ ਦਾ ਮੁਖ ਕਾਰਨ ਇਹ ਹੈ ਕਿ ਅੰਮ੍ਰਿਤ-ਸਿੰਚਾਰ ਇਕ ਰਸਮ ਜਿਹੀ ਬਣਾ ਦਿੱਤੀ ਗਈ ਹੈ। ਇਸ ਵਿਚ ਕਈ ਘਾਟਾਂ ਵਰਤ ਗਈਆਂ ਹਨ, ਜਿਵੇਂ :

(ੳ) ਪੰਜ ਪਿਆਰਿਆਂ ਦੀ ਚੋਣ ਵਿਚ ਢਿੱਲ ਵਰਤਾਈ ਜਾਂਦੀ ਹੈ। ਪੁਰਾਣੀ ਪ੍ਰਥਾ ਕਿ ਪੰਜ ਪਿਆਰੇ ਜੋਤਿ-ਪ੍ਰਕਾਸ਼ੀ ਤੇ ਸਾਸ ਗਿਰਾਸ ਅਭਿਆਸੀ ਅਮਲੀ ਜੀਵਨ ਵਾਲੇ ਹੋਣ, ਕਾਇਮ ਨਹੀਂ ਰਖੀ ਗਈ।

(ਅ) ਦੀਖਿਅਤ ਕਰਨ ਦੀ ਵਿਧੀ ਵਿਚ ਢਿੱਲ ਵਾਪਰ ਗਈ ਹੈ। ਨਾ ਹੀ ਪੂਰੀਆਂ ਬਾਣੀਆਂ ਪੜ੍ਹੀਆਂ ਜਾਂਦੀਆਂ ਹਨ, ਨਾ ਹੀ ਮੂਲ-ਰੂਪ ਵਿਚ ਰਹਿਤ ਦ੍ਰਿੜ੍ਹਾਈ ਜਾਂਦੀ ਹੈ।

(ੲ) ਰਹਿਤ ਮਰਯਾਦਾ ਸਾਰੇ ਪੰਥ ਦੀ ਇਕ-ਸਾਰ ਨਹੀਂ ਹੈ। ਵੱਖ ਵੱਖ ਅੰਮ੍ਰਿਤ-ਸਿੰਚਾਰੀ ਮਰਯਾਦਾ ਹੈ। ਹੋਰ ਮਰਯਾਦਾਵਾਂ ਵਿਚ ਵੀ ਪਰਸਪਰ ਫ਼ਰਕ ਹੈ। ਸੂਝਵਾਨ ਪੰਥ-ਦਰਦੀ ਅਜਿਹੀ ਆਪੋ-ਧਾਪੀ ਤੋਂ ਖ਼ਤਰਾ ਅਨੁਭਵ ਕਰ ਰਹੇ ਹਨ। ਇਸ ਸਬੰਧ ਵਿਚ ਬਿਲਕੁਲ ਦੋ ਰਾਵਾਂ ਨਹੀਂ ਕਿ ਖ਼ਾਲਸਾ-ਰਹਿਤ ਅਤੇ ਬਾਕੀ ਮਰਯਾਦਾਵਾਂ ਦੇ ਇਕ-ਸਾਰ ਕੀਤੇ ਬਗ਼ੈਰ ਪੰਥਕ ਏਕਤਾ ਸੰਭਵ ਨਹੀਂ।

## ਵਾਹਿਗੁਰੂ ਅਗੇ ਅਰਦਾਸ

[ਵਲੋਂ:—ਬੀਬੀ ਜਗਜੀਤ ਕੌਰ ਜੀ, ਕਣਿਆਣਾ ਕਲਾਂ]

ਇਹੀ ਤਰਲਾ ਤੇ ਇਹੀ ਅਰਦਾਸ ਮੇਰੀ,
ਜੋੜ ਲਵੋ ਜੀ ਚਰਨਾਂ ਦੇ ਨਾਲ, ਵਾਹਿਗੁਰੂ।
ਕਲਜੁਗੀ ਜੀਵ ਹਾਂ, ਕਲ ਕਲ ਵਿਚ ਫਸਿਆ,
ਮੋੜ ਲਵੋ ਜੀ ਕਲ ਤੋਂ ਤੂੰ ਆਪ, ਵਾਹਿਗੁਰੂ।
ਮਾਇਆ, ਮੋਹ, ਤੇ ਮਮਤਾ ਵਿਚ ਫੱਸ ਕੇ,
ਵਿਸਾਰ ਦਿੱਤਾ ਨਿਰੰਜਨ ਨਿਰੰਕਾਰ, ਵਾਹਿਗੁਰੂ।
ਜਿੱਧਰ ਵੇਖੀਏ ਅਹੰ ਹੰਕਾਰ ਆਇਆ,
ਯਾਦ ਵਿਰਲੇ ਨੂੰ ਆਵੇਂ ਤੂੰ ਆਪ, ਵਾਹਿਗੁਰੂ।
ਜੋ ਜੋ ਨਾਮ ਲੇਵੇ ਸੋ ਪਾਰ ਥੀਵੇ,
ਝੱਲਿਆ ਜਾਏ ਨਾ ਉਹਦਾ ਜਲਾਲ, ਵਾਹਿਗੁਰੂ।
ਰੀਤੇ ਭਰੇਂ, ਭਰੇ ਸਖਨਾਵਿਆਂ ਨੂੰ,
ਪਲਕ ਫੇਰ 'ਚ ਜਲੋਂ ਥਲ ਕਰ ਦਏਂ, ਵਾਹਿਗੁਰੂ।
ਤੂੰ ਬਾਜੀਗਰ, ਡੰਕ ਵਜਾ ਕੇ ਤੇ,
ਖ਼ਲਕ ਸਾਰੀ ਨੂੰ ਖੇਡੇ ਲਾ ਦਏਂ, ਵਾਹਿਗੁਰੂ।
ਸਭ ਕੁਝ ਤੂੰ ਹੀ, ਸਭ ਕੁਝ ਹੈ ਤੇਰਾ,
ਜ਼ੱਰੇ ਜ਼ੱਰੇ 'ਚ ਵੱਸੇਂ ਅਪਾਰ, ਵਾਹਿਗੁਰੂ।
ਕਰਾਂ ਜੋਦੜੀ ਚਰਨਾਂ ਤੇ ਸੀਸ ਧਰ ਕੇ,
ਵੱਸ 'ਜੀਤ' ਦੇ ਹਿਰਦੇ 'ਚ ਆਪ, ਵਾਹਿਗੁਰੂ।

**ਪਾਠਕ ਜੀ!** ਅਸੀਂ ਸਭ ਸਜਣਾਂ ਦੇ ਪਰਚੇ ਪੂਰੀ ਤਰ੍ਹਾਂ ਚੈਕ ਕਰ ਕੇ ਇਕੱਠੇ ਹੀ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਡਾਕੇ ਪਾ ਦਿੰਦੇ ਹਾਂ। ਇਸ ਦੇ ਬਾਵਜੂਦ ਵੀ ਕਈ ਸਜਣਾਂ ਵਲੋਂ ਪਰਚਾ ਨਾ ਪੁਜਣ ਦੇ ਉਲਾਂਭੇ ਆਉਂਦੇ ਹਨ। ਨਾ ਪੁਜਣ ਵਾਲੇ ਪਰਚੇ ਯਕੀਨੀ ਤੌਰ ਤੇ ਡਾਕ ਵਿਚੋਂ, ਰਸਤੇ ਵਿਚ ਕਿਸੇ ਥਾਂ ਚੋਰੀ ਹੋ ਜਾਂਦੇ ਹਨ। ਜਿਹੜੇ ਸਜਣ ਪਰਚਾ ਨਾ ਪੁਜਣ ਦੀ ਉਸੇ ਮਹੀਨੇ ਇਤਲਾਹ ਦੇ ਦਿੰਦੇ ਹਨ ਉਨ੍ਹਾਂ ਨੂੰ ਦੁਬਾਰਾ ਪਰਚਾ ਅਸੀਂ ਭੇਜ ਦਿੰਦੇ ਹਾਂ। ਪਰ ਜਿਹੜੇ ਸਜਣ ਸਮੇਂ ਸਿਰ ਪਰਚਾ ਨਾ ਪੁਜਣ ਦੀ ਇਤਲਾਹ ਨਹੀਂ ਦਿੰਦੇ ਉਨ੍ਹਾਂ ਦੇ ਮਹੀਨਿਆਂ ਬਾਅਦ ਭੇਜੇ ਉਲਾਂਭੇ ਬੇਅਰਥ ਹਨ।

**ਚਿਟ ਨੰਬਰ**—ਚਿੱਠੀ ਪੱਤਰ ਤੇ ਮਨੀਆਰਡਰ ਉਪਰ ਆਪਣਾ ਚਿਟ ਨੰਬਰ ਤੇ ਪੂਰਾ ਪਤਾ ਸਾਫ਼ ਸਾਫ਼ ਜ਼ਰੂਰ ਲਿਖੋ ਜੀ। ਸਾਡੀ ਸਹੂਲਤ ਲਈ ਇਹ ਕਿਰਪਾ ਜ਼ਰੂਰ ਕਰੋ ਜੀ। ਅਸੀਂ ਹਰ ਮਹੀਨੇ ਤੁਹਾਨੂੰ ਪਰਚੇ ਉਪਰ ਚਿਟ ਨੰਬਰ ਲਿਖ ਕੇ ਭੇਜਦੇ ਹਾਂ।



www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ-ਸਾਖੀਆਂ

[ਵਲੋਂ—ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ]

**੫. ਪਾਂਧਾ—**

ਇਸ ਸੁਹਣੇ ਬੱਚੇ ਦੇ ਬਾਪੂ, ਮਹਿਤਾ ਕਾਲੂ ਜੀ ਨੇ ਜਦ ਇਕ ਦਿਨ ਫੇਰ ਪ੍ਰੋਹਿਤ ਨੂੰ ਆਖਿਆ ਕਿ ਬਾਲਕ ਤਾਂ ਬੜਾ ਘਰ ਲੁਟਾਊ ਏ, ਮੈਂ ਦੱਸ ਕੀਹ ਕਰਾਂ? ਇਕੋ ਪੁੱਤਰ ਏ, ਸਿਕ ਸਿਕ ਕੇ ਲੀਤਾ ਏ, ਮਾਰਨ ਨੂੰ ਜੀ ਨਹੀਂ ਕਰਦਾ। ਤਾਂ ਪ੍ਰੋਹਿਤ ਹਰਦਿਅਲ ਨੇ ਕਿਹਾ: ਜਜਮਾਨ! ਪੜ੍ਹਨੇ ਪਾ ਦੇਹ ਨਾ, ਪਾਂਧੇ ਦੇ ਜਾਇਆ ਕਰੇ, ਲੇਖਾ ਲਿਖਣਾ ਸਿੱਖ ਲਵੇ, ਜੋ ਵਡਾ ਹੋ ਕੇ ਕੰਮ ਕਾਜ ਕਰੇ। ਸਾਰਾ ਦਿਨ ਪਾਂਧੇ ਦੇ ਰੁੱਝਾ ਰਹੇਗਾ। ਪਰ ਵੇਖੀਂ ਧੱਪਾ ਧੌਲ ਨਾ ਮਾਰ ਬੈਠੀਂ। ਉਹ ਰੱਬ ਜੀ ਦਾ ਪਿਆਰਾ ਹਈ।

ਤਾਂ ਮਹਿਤਾ ਕਾਲੂ ਆਪਣੇ ਪੁਤਰ ਨੂੰ ਪਾਂਧੇ ਪਾਸ ਲੈ ਗਿਆ। ਪਾਂਧੇ ਦਾ ਨਾਉਂ ਸੀ 'ਗੁਪਾਲ'। ਪਾਂਧਾ ਕੀ ਹੁੰਦਾ ਏ? ਪਿੰਡਾਂ ਯਾ ਮਹੱਲਿਆਂ ਵਿਚ ਇਕ ਆਦਮੀ ਹੁੰਦਾ ਸੀ, ਜਿਸ ਕੋਲ ਸਾਰੇ ਮੁੰਡੇ ਪੜ੍ਹਨੇ ਪਾਈਦੇ ਸੀ। ਇਹ ਮੁੰਡਿਆਂ ਨੂੰ ਲੇਖਾ ਕਰਨਾ ਸਿਖਾਉਂਦਾ ਸੀ, ਜੋੜ ਤੋਂ ਲੈ ਕੇ ਦਰਾਂ ਤੋੜੀ, ਤੇ ਵਹੀਆਂ ਹਿਸਾਬਾਂ ਦੀਆਂ ਲਿਖਣ ਦੀ ਜਾਚ ਦੱਸਦਾ ਹੁੰਦਾ ਸੀ। ਨਾਲੇ ਦੂਜੇ ਵਪਾਰੀਆਂ ਨੂੰ ਹੋਰਨੀਂ ਸ਼ਹਿਰੀਂ ਚਿੱਠੀਆਂ ਲਿਖਣੀਆਂ ਦੱਸਦਾ ਸੀ। ਇਹ ਸਿਖਾਲਦਾ ਸੀ ਅੱਖਰ ਜਿਸ ਨੂੰ ਲੰਡੇ ਟਾਕਰੇ ਆਖੀਦਾ ਹੈ, ਤੇ ਅੰਗ ਸਿਖਾਲਦਾ ਸੀ ਕਿ ਇਕ, ਦੋ, ਤਿੰਨ, ਸੈਂਕੜਿਆਂ ਤੋੜੀ ਤੇ ਹੋਰ ਲੇਖੇ। ਜੀਕੂੰ ਅੱਜ ਕਲ ਬਾਲਾਂ ਨੂੰ ਮਦਰੱਸੇ ਕਿ ਸਕੂਲੇ ਘੱਲੀਦਾ ਹੈ ਤੇ ਓਥੇ ਹਿਸਾਬ ਤੇ ਹੋਰ ਲਿਖਣਾ ਸਿੱਖਦੇ ਹਨ, ਤਦੋਂ ਲੋਕੀ ਪਾਂਧ ਪਾਸ ਬਾਲਾਂ ਨੂੰ ਪੜ੍ਹਨ ਘੱਲਦੇ ਹੁੰਦੇ ਸਨ।

ਮਹਿਤੇ ਨੇ ਜਾ ਗੁਪਾਲ ਪਾਂਧੇ ਨੂੰ ਆਖਿਆ: ਲੈ ਬਈ ਪਾਂਧਾ! ਮੇਰੇ ਕਾਕੇ ਨੂੰ ਬੀ ਪੜ੍ਹਾਇਆ ਕਰ। ਇਸ ਨੂੰ ਸਾਰਾ ਲੇਖਾ ਤੇ ਜੋ ਕੁਝ ਤੈਨੂੰ ਆਉਂਦਾ ਹੈ ਸਿਖਾ ਦੇਹ! ਨਾਲ ਕਾਲੂ ਜੀ ਨੇ ਮਠਿਆਈ ਦਾ ਥਾਲ ਅੱਗੇ ਧਰਿਆ ਤੇ ਕੁਝ ਰੁਪਏ ਵੀ ਨਾਲ ਰੱਖ ਦਿਤੇ। ਪਾਂਧੇ ਨੇ ਮਠਿਆਈ ਵੰਡ ਦਿੱਤੀ ਤੇ ਨਵੇਂ ਆਏ ਕਾਕਾ ਜੀ ਨੂੰ ਪਿਆਰ ਦੇ ਕੇ ਕੋਲ ਬਹਾਲ ਲਿਆ ਤੇ ਪੱਟੀ ਲੈ ਕੇ ਉਸ ਉਤੇ 'ਓਨਮ ਸਿਧੰ' ਲਿਖ ਕੇ ਕਾਕੇ ਨੂੰ ਚਾਰ ਅੱਖਰ ਪਾ ਦਿੱਤੇ।

'ਓਨਮ ਸਿਧੰ' ਨੂੰ ਬਾਲਾਂ ਨੇ ਕੀ ਸਮਝਣਾ ਸੀ। ਉਹ ਤਾਂ ਪਾਂਧਾ ਅਸੀਸ ਵਾਂਙੂ ਲਿਖਦਾ ਹੁੰਦਾ ਸੀ ਕਿ 'ਸਿਧ ਨੂੰ ਮੱਥਾ ਟੇਕਦਾ ਹਾਂ', ਉਸ ਦੀ ਅਸੀਸ ਨਾਲ ਬਾਲ ਪੜ੍ਹ ਜਾਵੇ। ਸਿਧ ਦਾ ਅਰਥ ਸਮਝ ਲਓ, ਸਾਧੂ, ਸੰਤ, ਮਹਾਤਮਾ ਹੈ।

ਇਸ ਸੁਹਣੇ ਨਾਨਕ ਬਾਲਕ ਨੇ ਪਾਂਧੇ ਦੇ ਸਾਰੇ ਅੱਖਰ ਐਉਂ ਪੜ੍ਹ ਲਏ ਜਿਵੇਂ ਪਹਿਲੋਂ ਹੀ ਜਾਣਦਾ ਸੀ। ਫੇਰ ਪਾਂਧੇ ਨੇ ਦਸ ਅੰਗ ਪਾ ਦਿਤੇ, ਏਕੇ ਤੋਂ ਲੈ ਕੇ ਦਹਾਏ ਤੀਕ। ਉਹ ਬੀ ਬਾਲਕ ਨੇ ਝਟ ਪਟ ਲਿਖ ਲਏ। ਤਾਂ ਇਕ ਦਿਨ ਪਾਂਧੇ ਨੇ ਅੱਖਰ ਜੋੜਨੇ ਦੱਸੇ ਤੇ ਕਿਹਾ, ਅੱਖਰ ਜੋੜ ਜੋੜ ਕੇ ਨਾਵੇਂ ਲਿਖੀਦੇ ਹਨ, ਤੇ ਨਾਵੇਂ ਆ ਜਾਣ ਤਾਂ ਚਿੱਠੀ ਲਿਖ ਲਈਦੀ ਹੈ, ਤੇ ਮਨ ਵਿਚ ਜੋ ਆਵੇ ਲਿਖ ਲਈਦਾ ਹੈ। ਤਾਂ ਇਕ ਦਿਨ ਪਾਂਧਾ ਕੀ ਵੇਖੇ ਕਿ ਬਾਲਕੇ ਨੇ ਇਕ ਨਾਂਵਾਂ ਲਿਖਿਆ ਹੈ। ਜਦ ਉਸ ਨੇ ਪੁੱਛਿਆ: ਬੱਚਾ ਕੀਹ ਲਿਖਿਆ ਹਈ? ਤਾਂ ਉਤਰ ਦਿਤੋ ਸੂ ਕਿ ਮੈਂ ਲਿਖਿਆ ਏ ਸਸਾ ਤੇ ਸਸਾ ਲਿਖ ਕੇ ਲਾਈ ਏ ਈੜੀ, ਤਾਂ ਬਣ ਗਿਆ 'ਸੋਇ'। ਤਾਂ ਪਾਂਧੇ ਨੇ ਹਰਿਆਨ ਹੋ ਕੇ ਪੁੱਛਿਆ 'ਸੋਇ' ਕੀ ਹੋਇਆ? ਤਾਂ ਸੁਹਣੇ ਬਾਲਕੇ ਨੇ ਕਿਹਾ, 'ਜੀ ਸਸਾ ਸੋਇ। 'ਸੋਇ' ਪਾਂਧਾ ਜੀ! ਜਿਸ ਨੇ ਸਾਨੂੰ ਬਣਾਇਆ ਹੈ, ਉਹ ਹੋਇਆ ਨਾ ਸਾਡਾ ਸਸਾ—ਸਾਹਿਬ, ਮਾਲਕ, ਜਿਸ ਨੇ ਸਾਜੀ ਹੈ ਸਸਾ ਸਰਿਸ਼ਟੀ।'

ਪਾਂਧਾ ਸੁਣ ਕੇ ਹੱਕਾ ਬੱਕਾ ਰਹਿ ਗਿਆ। ਕਿੰਨਾ ਚਿਰ ਚੁਪ ਰਿਹਾ, ਫੇਰ ਪੁੱਛਣ ਲਗਾ, 'ਹੋਰ ਬੀ ਕੁਛ?'

ਬਾਲਕਾ—ਪਾਂਧਾ ਜੀ, ਫੇਰ ਸਸਾ ਸੇਵਾ, ਜੋ ਸਾਹਿਬ ਦੀ ਸੇਵਾ ਕਰੇ ਸੋ ਸਸਾ ਸਫਲਾ।

ਪਾਂਧਾ—ਸਫਲਾ ਕੀ ਹੁੰਦਾ ਏ ਕਾਕਾ ਜੀ!



www.AKJ.Org

ਬਾਲਕਾ—ਚੰਗਾ ਚੰਗਾ। ਐਵੇਂ ਕਿਵੇਂ ਨਾ ਗਿਆ।

ਪੰਡਿਤ ਹਰਿਆਨੀ ਦਾ ਮਾਰਿਆ ਸੋਚਾਂ ਸੋਚਦਾ ਆਪਣੀ ਤ੍ਰਪੜੀ ਤੇ ਜਾ ਬੈਠਾ। ਇਧਰ ਬਾਲਕਾ ਪੱਟੀ ਅੱਗੇ ਰੱਖ ਕੇ ਅੱਖਾਂ ਮੀਟ ਕੇ ਚੁਪ ਬੈਠਾ ਰਿਹਾ।

ਇਹ ਬਾਲਕਾ, ਜਿਸ ਨੂੰ ਰੱਬ ਦਾ ਬਾਲਕਾ ਆਖਣਾ ਬਣਦਾ ਹੈ, ਕੁਛ ਦਿਨ ਹੋਰ ਪੜ੍ਹਦਾ ਰਿਹਾ। ਇਕ ਦਿਨ ਪਾਂਧੇ ਸੱਦਿਆ। ਕਾਕਾ ਜੀ! ਤੁਸਾਂ ਨੂੰ ਮੁਹਾਰਨੀ ਸਿਖਾਈ ਸੀ, ਅੱਖਰ ਦੇ ਨਾਲ ਇਕ ਇਕ ਬੋਲ ਬੋਲਣ ਦੀ, ਉਹ ਲਿਖੀ ਆ? ਤਾਂ ਕਾਕਾ ਜੀ ਨੇ ਪੱਟੀ ਪਾਂਧੇ ਦੇ ਅੱਗੇ ਲਿਆ ਰਖੀ। ਇਸ ਪੱਟੀ ਉਤੇ ਐਉਂ ਲਿਖਿਆ ਸੀ :—

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ
ਸਾਹਿਬੁ ਏਕ ਭਇਆ॥ ਸੇਵਤ ਰਹੇ ਚਿਤੁ
ਜਿਨ੍ ਕਾ ਲਾਗਾ ਆਇਆ ਤਿਨ੍ ਕਾ ਸਫਲੁ
ਭਇਆ* ॥੧॥

ਜਾਂ ਪਾਂਧੇ ਨੇ ਸਾਰੀ ਪਟੀ ਪੜ੍ਹੀ, ਜੋ ਬੜੀ ਲੰਮੀ ਸੀ, ਤਾਂ ਕਦੇ ਕਾਕਾ ਜੀ ਦੇ ਸਿਰ ਵਲ ਤੱਕੇ ਤੇ ਕਦੇ ਪੈਰਾਂ ਵਲ, ਫੇਰ ਸਿਰ ਪਾਂਧੇ ਦਾ ਮੱਥਾ ਟੇਕਣ ਵਾਂਙੂ ਨੀਵਾਂ ਹੋ ਗਿਆ ਤੇ ਮਨ ਹੀ ਮਨ ਆਖਣ ਲਗਾ: ਇਹ ਬਾਲ ਇਡੀ ਛੋਟੀ ਉਮਰੇ ਪਰਮੇਸ਼ੁਰ ਦੀਆਂ ਸਾਰੀਆਂ ਗੱਲਾਂ ਜਾਣਦਾ ਹੈ ਜਿਵੇਂ ਕਿ ਪੰਡਤ ਨਹੀਂ ਜਾਣਦੇ। ਹੋਵੇ ਨਾ ਤਾਂ ਇਹ ਰੱਬ ਦੇ ਦਰੋਂ ਕੋਈ ਔਤਾਰ ਆਇਆ ਹੈ।

## ੬. ਪਾਂਧੇ ਨੂੰ ਉਪਦੇਸ਼—

ਸੁਹਣਾ ਬਾਲਕਾ ਪਾਂਧੇ ਦੇ ਜਾਂਦਾ ਰਿਹਾ, ਪੜ੍ਹਦਾ ਬੀ ਰਿਹਾ, ਪਰ ਕੁਛ ਦਿਨ ਮਗਰੋਂ ਪੜ੍ਹੇ ਨਾ ਤੇ ਅੱਖਾਂ ਮੀਟ ਕੇ ਬੈਠਾ ਰਹੇ ਯਾ ਚੁਪ ਚਾਪ ਇਕ ਪਾਸੇ ਵੇਂਹਦਾ ਰਹੇ। ਤਦ ਪਾਂਧੇ ਪੁੱਛਿਆ: ਤੁਸੀਂ ਪੜ੍ਹਦੇ ਨਹੀਂ ਹੋ, ਕਾਕਾ ਜੀ! ਹੁਣ ਮਨ ਵਿਚ ਆਈਆਂ ਤਾਂ ਸੋਹਣੀਆਂ ਲਿਖ ਲੈਂਦੇ ਹੋ, ਕੁਛ ਲੇਖਾ ਪੱਤਾ ਹੋਰ ਸਿਖ ਲਓ ਤਾਂ ਚੰਗਾ ਹੋਵੇ।

ਤਦ ਸੋਹਣੇ ਬਾਲਕੇ ਦੀਆਂ ਅੱਖੀਆਂ ਤਰਸ ਵਾਲੀਆਂ ਹੋ ਗਈਆਂ, ਤ੍ਰਪੜੀ ਤੇ ਬੈਠੇ ਪਾਂਧੇ ਵਲ, ਬਾਲਕੇ ਨੇ, ਤਰਸ ਭਰੀ ਨਜ਼ਰ ਪਾ ਕੇ ਵੇਖਿਆ; ਹੇ ਬਾਬਾ! ਤੂੰ ਲੇਖੇ ਨਾ ਲਿਖ, ਨਾ ਸਿਖਾ, ਇਹਨਾਂ ਨਾਲ ਫਾਹੀ ਪੈਂਦੀ ਹੈ, ਤੂੰ (ਸਸੇ) ਸਾਹਿਬ ਦਾ ਨਾਉਂ ਲਿਖ, ਉਸ ਦੀ (ਸਸਾ) ਸਲਾਹੁਤ ਲਿਖ, ਜੋ ਓਸ ਸਾਹਿਬ ਦਾ ਅੰਤ ਕੋਈ ਨਹੀਂ, ਉਹ ਪਰੇ ਤੋਂ ਪਰੇ ਹੈ।

ਪਾਂਧੇ ਨੂੰ ਫੇਰ ਸੁਣ ਕੇ ਹਰਿਆਨੀ ਹੋਈ। ਸੋਚਣ ਲਗਾ ਜੋ ਇਹ ਬਾਲਕਾ ਤਾਂ ਸਭ ਕੁਛ ਪੜ੍ਹਿਆ ਹੋਇਆ ਹੈ, ਇਹ ਤਾਂ ਪੰਡਿਤਾਂ ਨਾਲੋਂ ਵੀ ਚੰਗੀ ਗੱਲ ਕਰਦਾ ਹੈ, ਇਹ ਤਾਂ ਮੱਤਾਂ ਦੇਂਦਾ ਹੈ ਜਿਵੇਂ ਕੋਈ ਪਰਮੇਸ਼ਰ ਦਾ ਘੱਲਿਆ ਹੈ। ਤਦ ਪਾਂਧੇ ਨੇ ਸੋਚਿਆ ਕਿ ਕੁਛ ਪੁੱਛ ਵੇਖਾਂ, ਕੀਹ ਉੱਤਰ ਦੇਂਦਾ ਹੈ; ਤਾਂ ਆਖਣ ਲੱਗਾ: ਇਹ ਨਾਮ ਤੇ ਸਲਾਹੁ ਕਿਵੇਂ ਲਿਖੀਦੀ ਹੈ? ਤਾਂ ਰੱਬ ਦੇ ਬਾਲਕੇ ਨੇ ਭੋਲੇ ਭਾ ਨਾਲ ਆਖਿਆ:—ਪਾਂਧਾ ਜੀ—ਮੋਹ ਜੋ ਹੈ ਮੋਹ, ਮਮਾ ਮੋਹ, ਓਸ ਮੋਹ ਨੂੰ ਸਾੜ ਦਿਓ, ਫੇਰ ਘਸਾ ਕੇ ਬਣਾ ਲਓ ਸ਼ਾਹੀ, ਤੁਸੀਂ ਬਣਾਉਂਦੇ ਹੋ ਨਾ ਫੁੱਲੇ ਦੀ ਸ਼ਾਹੀ, ਉਵੇਂ। ਤੇ ਇਹ ਜੋ ਤੇਰੇ ਅੰਦਰ ਹੈ ਨਾ 'ਮਤਿ', ਜਿਸ ਨਾਲ ਸਿਖਾਉਂਦਾ ਹੈਂ ਸਾਨੂੰ, ਇਸ ਨੂੰ ਬਣਾ ਲੈ ਕਾਗਤ, ਤੇ (ਸਸਾ ਜੋ ਹੈ) ਸਾਹਿਬ ਉਸ ਨਾਲ ਕਰ ਪਿਆਰ, ਇਹ ਫੇਰ ਬਣ ਜਾਏ ਲਿੱਖਣ, ਹੈਂ ਪਾਂਧਾ ਜੀ! ਕਲਮ। ਫੇਰ ਆਪਣੇ ਮਨ ਨੂੰ ਬਣਾ ਲਓ ਲਿਖਣੇ ਵਾਲਾ ਬਾਲਕਾ, ਜਿਸ ਤਰ੍ਹਾਂ ਮੈਂ ਹਾਂ ਬਾਲਕਾ, ਜਿਸ ਨੂੰ ਲਿਖਣਾ ਸਿਖਾਲ ਰਹੇ ਹੋ, ਤੇ ਆਪਣੀ ਥਾਂਵੇਂ, ਪਾਂਧੇ ਜੀ! ਕੋਈ ਬਣਾ ਲਓ ਗੁਰੂ। ਗੁਰੂ ਉਹ ਹੁੰਦਾ ਹੈ ਜੋ 'ਸੋਇ' ਦਾ ਰਾਹ ਜਾਣਦਾ ਹੈ। ਉਸ ਨੂੰ ਪੁੱਛ ਤੇ ਲਿਖ ਜੋ ਆਖੇ, ਉਹ ਦੱਸੇਗਾ ਕਿ ਲਿਖ ਨਾਮ, ਲਿਖ ਸਲਾਹੁਤ ਰੱਬ ਦੀ।

ਪਾਂਧਾ ਹੁਣ ਹੋਰ ਅਚਰਜ ਹੋਇਆ, ਪਰ ਮੂੰਹ ਪੱਕਾ ਕਰ ਕੇ ਆਖਣ ਲਗਾ—ਹੇ ਨਾਨਕ! ਫੇਰ ਜੇ ਇਹ ਲੇਖਾ ਲਿਖਣਾ ਆ ਗਿਆ ਤਾਂ ਕੀ ਬਣੂ? ਜੇ ਤੂੰ ਮੇਰਾ ਲੇਖਾ ਲਿਖ ਲਵੇਂ ਤਾਂ ਤਾਂ ਤੂੰ ਵਡਾ ਲਿਖਾਰੀ ਤੇ ਲੇਖੇ ਪੱਤੇ ਦਾ ਵਡਾ ਜਾਣੂ ਬਣ ਜਾਏਂਗਾ, ਮੁਨੀਮ

[ਬਾਕੀ ਵੇਖੋ ਸਫ਼ਾ ੨੦ ਦੇ ਹੇਠ]

*ਇਹ ਪਟੀ ਲੰਮੀ ਹੈ, ਸਾਰੇ ਅੱਖਰਾਂ ਦੀ ਹੈ। ਜੋ ਆਸਾ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੀ ਹੋਈ ਹੈ।



www.AKJ.Org

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ-ਸਾਖੀਆਂ

[ਵਲੋਂ—ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ]

**੪. ਅਨੋਖੇ ਕੌਤਕ—**

ਗੁਰੂ ਜੀ ਦੇ ਘਰ ਤੋਂ ਥੋੜੀ ਦੂਰ ਇਕ ਬੁੱਢੀ ਮਾਈ ਵਸਦੀ ਸੀ, ਉਹ ਚਰਖਾ ਕੱਤਦੀ ਹੁੰਦੀ ਸੀ। ਕਦੇ ਕਦੇ ਮੌਜ ਵਿਚ ਆ ਕੇ ਆਪ ਉਸ ਦੇ ਕੋਲ ਛੋਪਲੇ ਜਿਹੇ ਜਾ ਕੇ ਉਸ ਦੇ ਮੁੱਢਿਆਂ ਤੇ ਪੂਣੀਆਂ ਦੀ ਪਟਾਰੀ ਫੜ ਕੇ ਸਭ ਕੁਛ ਖਲੇਰ ਸੱਟਦੇ ਤੇ ਆਪ ਨੱਸ ਪੈਂਦੇ। ਬੁੱਢੀ ਨੇ ਸੂਸ਼ਕ ਲੈ ਕੇ ਮਗਰ ਭੱਜਣਾ। ਜਿਸ ਵੇਲੇ ਨੇੜੇ ਆਵੇ ਤਾਂ ਸੁਹਣੇ ਬਾਲਕੇ ਨੇ ਉਠ ਭੱਜਣਾ, ਫੇਰ ਖੜੋ ਜਾਣਾ, ਫੇਰ ਭੱਜਣਾ, ਫੜਾਈ ਦੇਣ ਵਾਲੇ ਹੋ ਕੇ ਫੇਰ ਫੜਾਈ ਨਾ ਦੇਣੀ।

ਇਸ ਤਰ੍ਹਾਂ ਇਕ ਦਿਨ ਮਾਈ ਗਈ ਉਲਾਂਭਾ ਲੈ ਕੇ ਮਾਤਾ ਗੁਜਰੀ ਜੀ ਪਾਸ, ਜਾ ਸ਼ਿਕਾਇਤਾਂ ਲਾਈਆਂ ਵਧ ਵਧ ਕੇ। ਮਾਤਾ ਜੀ ਨੇ ਉਸ ਨੂੰ ਕੁਛ ਕੱਪੜੇ ਦਿੱਤੇ, ਕੁਛ ਰੁਪੱਯੇ ਦਿੱਤੇ। ਮਾਈ ਪ੍ਰਸੰਨ ਹੋ ਗਈ, ਅਸੀਸਾਂ ਦੇਣ ਲੱਗ ਪਈ। ਆਖੇ: ਬਾਲ ਹਨ ਨਾ, ਚੋਜੀ ਬਾਲ ਹਨ, ਕੋਈ ਡਰ ਨਹੀਂ, ਮੇਰੇ ਨਾਲ ਖੇਡ ਕਰ ਲਿਆ ਕਰੇ। ਮਾਤਾ ਜੀ ਰੱਬ ਵਲੋਂ ਆਏ ਆਪਣੇ ਬਾਲਕੇ ਨੂੰ ਗੁੱਸੇ ਨਹੀਂ ਸੀ ਹੁੰਦੇ। ਆਪੇ ਆਪਣੇ ਬਾਲਕੇ ਦੇ ਇਹੋ ਜਿਹੇ ਚੋਜਾਂ ਉਤੇ ਗੱਫੇ ਦੇ ਕੇ ਸ਼ਿਕੈਤਾਂ ਲਾਉਣ ਵਾਲਿਆਂ ਨੂੰ ਰਿਝਾ ਲੈਂਦੇ ਸੀ, ਕਿਉਂਕਿ ਓਹ ਸਮਝਦੇ ਸਨ ਕਿ ਮੇਰਾ 'ਗੋਬਿੰਦ' ਗੋਬਿੰਦ ਦਾ ਘੱਲਿਆ ਉਸ ਦਾ ਪਿਆਰਾ ਹੈ—ਰੱਬ ਜੀ ਦਾ ਪੁੱਤਰ ਹੈ, ਇਹ ਜੋ ਕੁਝ ਕਰਦਾ ਹੈ ਉਹ ਭਲਾ ਹੈ।

ਇਸੇ ਮਾਈ ਬਾਬਤ ਖਿਆਲ ਹੈ ਕਿ ਇਕ ਦਿਨ ਮਾਤਾ ਨੂੰ ਕਿਹਾ ਸਾਨੇ— ਇਸ ਮਾਈ ਦੇ ਪੂਣੀਆਂ ਮੁੱਢੇ ਨਹੀਂ ਪਏ ਲੁਟੀਂਦੇ, ਇਸ ਦੇ ਪਾਪ ਕਰਮ ਪਏ ਲੁਟੀਂਦੇ ਹਨ। ਅੰਮੀ ਜੀ! ਇਸ ਦੀ ਗ਼ਰੀਬੀ ਪਈ ਉਡਦੀ ਏ, ਤੁਸੀਂ ਕਿੰਨੇ ਰੁਪਏ ਪਏ ਦੇਂਦੇ ਹੋ। ਇਸ ਤਰ੍ਹਾਂ ਦੀ ਜਦ ਕੋਈ ਉਚੀ ਗੱਲ ਕਰ ਦੇਂਦੇ ਸਨ ਤਾਂ ਲੋਕੀਂ ਤਾਂ ਦੰਗ ਰਹਿ ਜਾਂਦੇ ਸਨ, ਪਰ ਵਡੀ ਅੰਮੀ† ਸਮਝਦੀ ਸੀ ਕਿ ਇਹ ਕੋਈ ਬੱਚਾ ਥਹੁੜਾ ਹੈ, ਇਹ ਤਾਂ ਸਾਰੀਆਂ ਅਕਲਾਂ ਦਾ ਕੋਟ ਧੁਰੋਂ ਆਇਆ ਹੈ।

ਇਸ ਤਰ੍ਹਾਂ ਜਿਸ ਜਿਸ ਨਾਲ ਆਪ ਖੇਲੇ ਯਾ ਛੇੜ-ਖਾਨੀਆਂ ਕੀਤੀਆਂ, ਸਭ ਨੂੰ ਤਾਰਿਆ ਸੀ। ਓਹ ਛੇੜਖਾਨੀਆਂ ਕਰਦੇ ਹੀ ਤਾਂ ਸਨ ਜੋ ਮੈਂ ਹਾਸੇ ਖੇਡੇ ਇਨ੍ਹਾਂ ਦੇ ਭਲੇ ਕਰ ਦਿਆਂ, ਤੇ ਪਾਪ ਨਾਸ਼ ਹੋ ਜਾਵਨੇ ਨੇ।

[ਪੁਸਤਕ 'ਬਾਲਮ ਸਾਖੀਆਂ' ਚੋਂ ਧੰਨਵਾਦ ਸਹਿਤ

†ਦਾਦੀ ਜੀ।

---

[ਸਫ਼ਾ ੧੯ ਦੀ ਬਾਕੀ]

ਕਿ ਮੁਨਸ਼ੀ ਕਿ ਹਿਸਾਬੀਆ, ਪਰ ਤੇਰੇ ਲੇਖੇ ਨਾਲ ਕੀਹ ਬਣੂ? ਤਾਂ ਬਾਲਕੇ ਨੇ ਫੇਰ ਪਾਧੇ ਵਲ ਤਰਸ ਦੀ ਨਜ਼ਰ ਤੱਕ ਕੇ ਆਖਿਆ—ਹੇ ਪਾਂਧਾ! ਜੇ ਤੂੰ ਇਹ ਲੇਖਾ ਸਿਖ ਲਵੇਂ ਤਾਂ ਅੱਗੇ ਜਾ ਕੇ ਜਿਥੇ ਤੇਰੇ ਤੋਂ ਤੇਰੀ ਦੁਨੀਆ ਦੇ ਕੰਮਾਂ ਦਾ ਲੇਖਾ ਮੰਗਿਆ ਜਾਏਗਾ ਉਥੇ ਇਹ ਲੇਖਾ ਪੜ੍ਹਿਆ ਤੈਨੂੰ ਕੰਮ ਆਵੇਗਾ, ਤੈਨੂੰ ਆਖਣਗੇ, ਭਲਾ ਪਾਂਧਾ, ਤੂੰ (ਸਸਾ) ਸਫਲ ਹੋ ਕੇ ਆਇਆ ਹੈਂ†।

ਤਦ ਪਾਂਧਾ ਹੋਰ ਗੱਲਾਂ ਪੁੱਛਦਾ ਰਿਹਾ। ਪਾਂਧਾ ਹੈਰਾਨ ਹੁੰਦਾ ਰਿਹਾ ਕਿ ਸਸਾ ਅੱਖਰ ਕੀਕੂੰ ਸਫਲ ਕੀਤਾ ਸੂ।

ਤਦ ਪੰਡਿਤ ਨੇ ਮੱਥਾ ਟੇਕਿਆ ਤੇ ਆਖਿਆ, ਤੂੰ ਬਾਲਕਾ ਨਹੀਂ ਤੂੰ ਗੁਰੂ ਹੈਂ, ਮੇਰੀ ਮਤਿ ਸਵਾਰੀ ਆ, ਤੇਰਾ ਰੱਬ ਭਲਾ ਕਰੇ। ਤੂੰ, ਜੋ ਤੇਰੀ ਮਤਿ ਆਵੇ ਸੋ ਕਰ, ਮੈਂ ਕੌਣ ਹਾਂ ਤੈਨੂੰ ਮਤਿ ਦੇਣ ਵਾਲਾ। ਤਦ ਇਹ ਰੱਬ ਦਾ ਪਿਆਰਾ ਬਾਲਕਾ ਘਰ ਆ ਬੈਠਾ ਤੇ ਬੈਠਾ ਹੀ ਰਿਹਾ ਕਰੇ, ਕੋਈ ਕੰਮ ਨਾ ਕਰੇ। ਜੇ ਸਵੇਂ ਤਾਂ ਸੁੱਤਾ ਹੀ ਰਹੇ। ਜੇ ਬਾਹਰ ਗਿਰਾਂ ਤੋਂ ਜਾ ਬੈਠੇ ਤਾਂ ਫਕੀਰਾਂ ਸਾਧਾਂ ਨਾਲ ਗੱਲਾਂ ਕਰੇ ਰੱਬ ਜੀ ਦੀਆਂ। [ਪੁਸਤਕ 'ਬਾਲਮ ਸਾਖੀਆਂ' ਚੋਂ ਧੰਨਵਾਦ ਸਹਿਤ

†ਇਹ ਸਾਰਾ ਸ਼ਬਦ ਸਿਰੀ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ। 'ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ'।



www.AKJ.Org

# ਗੁਰਮੁਖ ਬੀਬੀਆਂ

[ਵਲੋਂ—ਸ: ਵਰਿਆਮ ਸਿੰਘ ਜੀ, ਦਿੱਲੀ ੩੧]

ਸਰਦਾਰ ਗੁਰਨੇਕ ਸਿੰਘ ਜੀ ਐਮ.ਏ. ਲਿਖਦੇ ਹਨ— "ਸਿੱਖ ਧਰਮ ਵਿਚ ਬਹੁਤ ਹੀ ਇਸਤ੍ਰੀਆਂ ਹੋਈਆਂ ਹਨ, ਜਿਨ੍ਹਾਂ ਆਪਣੇ ਵਿਸ਼ੇਸ਼ ਗੁਣਾਂ ਦੁਆਰਾ ਇਸ ਨੂੰ ਮਹਾਨ ਬਣਾਉਣ ਵਿਚ ਆਪਣਾ ਹਿੱਸਾ ਪਾਇਆ।" [ਭਾਰਤੀ ਨਾਰੀ, ਪੰਨਾ ੪੪

ਇਥੇ ਅਸੀਂ ਉਨ੍ਹਾਂ ਕੁਝ ਸਤਿਕਾਰ ਯੋਗ ਪਵਿੱਤਰ ਆਤਮਾਵਾਂ ਦਾ ਜ਼ਿਕਰ ਕਰਦੇ ਹਾਂ ਜਿਨ੍ਹਾਂ ਨੇ ਗੁਰੂ ਅਮਰ ਦਾਸ ਜੀ ਦੇ ਸਮੇਂ 'ਸਿੱਖੀ' ਦੀ ਮਹਾਨ ਸੇਵਾ ਕੀਤੀ। ਕੁਝ ਕੁ ਦਾ ਜ਼ਿਕਰ ਅਸੀਂ ਪਿਛਲੇ ਲੇਖਾਂ ਵਿਚ ਕਰ ਚੁਕੇ ਹਾਂ, ਹੁਣ ਬਾਕੀਆਂ ਬਾਰੇ ਜੋ ਥੋੜਾ ਬਹੁਤ ਪ੍ਰਾਪਤ ਹੋ ਸਕਿਆ ਹੈ, ਉਹ ਇਸ ਤਰ੍ਹਾਂ ਹੈ :—

**੧. ਮਾਤਾ ਰਾਮ ਕੌਰ ਜੀ—**

ਆਪ ਗੁਰੂ ਅਮਰਦਾਸ ਜੀ ਦੇ ਮਹਿਲ ਸਨ। ਆਪ ਦੇ ਪਿਤਾ, ਭਾਈ ਦੇਵੀ ਚੰਦ ਜੀ ਬਹਿਲ ਖਤਰੀ ਸਨ, ਜੋ ਕਸਬਾ ਸਨਖੜਾ ਦੇ ਵਸਨੀਕ ਸਨ। ਇਹ ਕਸਬਾ ਬਾਸਰਕੇ ਤੋਂ ਪੰਜਾਹ ਸਠ ਮੀਲਾਂ ਦੀ ਦੂਰੀ ਉਤੇ ਹੈ। ਆਪ (ਮਾਤਾ ਰਾਮ ਕੌਰ) ਦਾ ਵਿਆਹ (ਗੁਰੂ) ਅਮਰ-ਦਾਸ ਜੀ ਨਾਲ ਸੰਨ ੧੫੦੨ ਈਸਵੀ ਵਿਚ ਹੋਇਆ ਸੀ। ਆਪ ਨੇ ਜਦੋਂ ਸਹੁਰੇ ਘਰ ਵਿਚ ਪ੍ਰਵੇਸ਼ ਕੀਤਾ ਤਾਂ ਆਪ ਸ਼ੁਭ ਗੁਣ ਵਿਰਸੇ ਵਿਚ ਨਾਲ ਲੈ ਕੇ ਆਏ ਸਨ।

ਮਾਤਾ ਰਾਮ ਕੌਰ ਜੀ ਬਾਰੇ 'ਜੀਵਨ ਸ੍ਰੀ ਗੁਰੂ ਅਮਰ ਦਾਸ ਜੀ ਮਹਾਰਾਜ' ਨਾਮੀ ਪੁਸਤਕ ਪੰਨਾ ੬ ਤੇ ਲਿਖਿਆ ਹੈ ਕਿ ਇਹ ਧਰਮ ਪਤਨੀ ਭੀ ਅਜਿਹੀ ਸੁਸ਼ੀਲ ਤੇ ਸੁਘੜ ਆਈ ਕਿ ਇਹ ਥੋੜੇ ਚਿਰ ਵਿਚ ਹੀ ਸਹੁਰੇ ਘਰ ਦੀ ਅਤੇ ਪਤੀ ਜੀ ਦੀ ਮਰਜ਼ੀ ਪਾ ਕੇ ਇਨ੍ਹਾਂ ਦੇ ਸ਼ੁਭ ਮਾਰਗ ਦੀ ਪੱਕੀ ਸਾਥਣ ਬਣ ਗਈ।

[ਸ੍ਰੀ ਗੁਰੂ ਅਮਰ ਬੰਸ ਕਮੇਟੀ ਲੁਧਿਆਣਾ

ਸੰਨ ੧੫੪੧ ਈਸਵੀ ਵਿਚ ਜਦੋਂ (ਗੁਰੂ) ਅਮਰ ਦਾਸ ਜੀ, ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਆਏ ਤਾਂ ਮਾਤਾ ਰਾਮ ਕੌਰ ਜੀ ਨੇ ਵੀ ਆਪਣੇ ਆਪ ਨੂੰ ਸਿੱਖੀ ਦੇ ਦਾਇਰੇ ਵਿਚ ਢਾਲਣਾ ਸ਼ੁਰੂ ਕਰ ਦਿਤਾ। ਆਪ ਨੇ ਪਤੀ ਦੀ ਸੇਵਾ ਵਿਚ ਕਦੀ ਰੁਕਾਵਟ ਨਹੀਂ ਸੀ ਪਾਈ। ਪਤੀ ਦੀ ਖ਼ੁਸ਼ੀ ਨੂੰ ਆਪਣੀ ਖ਼ੁਸ਼ੀ ਸਮਝਣਾ, ਇਹ ਹੀ ਆਪ ਦਾ ਸਭ ਤੋਂ ਵੱਡਾ ਗੁਣ ਸੀ।

ਸੰਨ ੧੫੫੨ ਈਸਵੀ ਵਿਚ ਜਦੋਂ (ਗੁਰੂ) ਅਮਰ ਦਾਸ ਜੀ ਗਦੀ ਤੇ ਸ਼ੁਸ਼ੋਭਤ ਹੋਏ ਤਾਂ ਮਾਤਾ ਰਾਮ ਕੌਰ ਜੀ ਨੇ ਬੇਨਤੀ ਕੀਤੀ—"ਸੁਆਮੀ ਜੀ, ਮੇਰੇ ਤੇ ਵੀ ਮਿਹਰ ਕਰੋ, ਮੈਂ ਆਪ ਦੇ ਲੜ ਲਗੀ ਹਾਂ। ਅਜਿਹੀ ਬਖ਼ਸ਼ਸ਼ ਕਰੋ ਕਿ ਮੇਰਾ ਇਕ ਇਕ ਪਲ ਗੁਰਮਤਿ ਵਿਚ ਹੀ ਬਤੀਤ ਹੋਏ।" ਪਾਤਿਸ਼ਾਹ ਸੁਣ ਕੇ ਮੁਸਕਰਾਏ ਅਤੇ ਕਿਹਾ—"ਰਾਮ ਕੌਰ ! ਤੂੰ ਭਾਗਾਂ ਵਾਲੀ ਹੈਂ। ਤੇਰੇ ਉਤੇ ਅਕਾਲ ਪੁਰਖ ਦੀਆਂ ਬੇਅੰਤ ਮਿਹਰਾਂ ਹਨ। ਤੂੰ ਬਹੁਤ ਨਾਮ ਜਪੇਂਗੀ।"

ਮਾਤਾ ਰਾਮ ਕੌਰ ਜੀ ਜਿਤਨਾ ਚਿਰ ਜੀਊਂਦੇ ਰਹੇ, ਖ਼ੂਬ ਨਾਮ ਦੀਆਂ ਕਮਾਈਆਂ ਕੀਤੀਆਂ ਅਤੇ ਹੋਰਨਾਂ ਨੂੰ ਵੀ ਇਸ ਗੁਰਮਤਿ ਮਾਰਗ ਤੇ ਚਲਣ ਲਈ ਪ੍ਰੇਰਦੇ ਰਹੇ ਅਤੇ ਦਾਤਾਰਾ ਸਤਿਗੁਰੂ ਦੀ ਚਰਨੀਂ ਲਾ ਕੇ ਅਕਾਲ ਪੁਰਖ ਨਾਲ ਜੋੜਨ ਵਿਚ ਸਹਾਈ ਹੁੰਦੇ ਰਹੇ।

ਆਪ ਦੀ ਪਵਿੱਤਰ ਕੁਖੋਂ ਦੋ ਸਪੁੱਤਰੀਆਂ ਅਤੇ ਦੋ ਪੁੱਤਰਾਂ ਨੇ ਜਨਮ ਲਿਆ—

੧. ਬੀਬੀ ਦਾਨੀ ਜੀ ੧੫੩੦ ਈ: ਵਿਚ।
੨. ਬੀਬੀ ਭਾਨੀ ਜੀ ੧੫੩੩ ਈ: ਵਿਚ।
੩. ਬਾਬਾ ਮੋਹਨ ਜੀ ੧੫੩੬ ਈ: ਵਿਚ।
੪. ਬਾਬਾ ਮੋਹਰੀ ਜੀ ੧੫੩੯ ਈ: ਵਿਚ।

ਮਾਤਾ ਜੀ ਦੇ ਉਚੇ ਸੁਚੇ ਜੀਵਨ ਦਾ ਪਰਭਾਵ ਆਪਣੀ ਔਲਾਦ ਤੇ ਵੀ ਬਹੁਤ ਡੂੰਘਾ ਪਿਆ। ਇਨ੍ਹਾਂ ਦੀਆਂ ਬੱਚੀਆਂ ਬਹੁਤ ਸੁਘੜ, ਗੁਣਵਾਨ ਅਤੇ ਆਗਿਆਕਾਰ, ਮਾਤਾ ਪਿਤਾ ਦੇ ਪਾਏ ਪੂਰਨਿਆਂ ਤੇ ਚਲਣ ਵਾਲੀਆਂ ਸਨ ਅਤੇ ਸਾਹਿਬਜ਼ਾਦੇ ਭੀ ਬੜੇ ਭਜਨ-ਬੰਦਗੀ ਤੇ ਤੇਜ-ਤਪ ਵਾਲੇ ਹੋਏ ਹਨ। ਜਦੋਂ ਗੁਰੂ



www.AKJ.Org

ਅਮਰਦਾਸ ਜੀ ਨੇ ਗੁਰਤਾ ਦੀ ਗਦੀ ਗੁਰੂ ਰਾਮਦਾਸ ਜੀ ਨੂੰ ਦਿਤੀ ਤਾਂ ਉਸ ਵੇਲੇ ਸਭ ਸਿਖ ਤੇ ਪੁੱਤ ਭਾਈ ਗੁਰੂ ਰਾਮਦਾਸ ਜੀ ਦੀ ਚਰਨੀਂ ਪਏ। ਗੁਰਬਾਣੀ ਵਿਚ ਬਾਬਾ ਮੋਹਰੀ ਜੀ ਦਾ ਗੁਰੂ ਰਾਮਦਾਸ ਜੀ ਦੀ ਪੈਰੀਂ ਪੈਣ ਦਾ ਜ਼ਿਕਰ ਇਉਂ ਆਉਂਦਾ ਹੈ—

ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ ॥ ਮੋਹਰੀ ਪੁਤੁ ਸਨਮੁਖੁ ਹੋਆ ਰਾਮਦਾਸੈ ਪੈਰੀ ਪਾਇ ਜੀਉ ॥ (੯੨੫)

ਮਾਤਾ ਰਾਮ ਕੌਰ ਜੀ ਗੋਇੰਦਵਾਲ ਵਿਚ ਹੀ ਅਕਾਲ ਚਲਾਣਾ ਕਰ ਗਏ।

## ੨. ਬੀਬੀ ਦਾਨੀ ਜੀ—

ਆਪ ਦਾ ਜਨਮ ੧੫੩੦ ਈ: ਵਿਚ (ਗੁਰੂ) ਅਮਰਦਾਸ ਜੀ ਦੇ ਗ੍ਰਹਿ ਮਾਤਾ ਰਾਮ ਕੌਰ ਜੀ ਦੀ ਕੁਖੋਂ ਪਿੰਡ ਬਾਸਰਕੇ ਹੋਇਆ। ਆਪ ਦਾ ਅਨੰਦ ਕਾਰਜ, ਭਾਈ ਰਾਮਾ ਜੀ ਇਕ ਸਾਧਾਰਨ ਜਿਹੇ ਸਿਖ ਨਾਲ ਕੀਤਾ ਗਿਆ। ਇਹ ਅਨੰਦ ਕਾਰਜ ਜ਼ਾਤ ਪਾਤ ਤੋੜ ਕੇ ਕੀਤਾ ਗਿਆ ਸੀ। ਆਪ ਨੇ ਪਤੀ ਨਾਲ ਮਿਲ ਕੇ ਗੁਰਮਤਿ ਦਾ ਬਹੁਤ ਪਰਚਾਰ ਕੀਤਾ।

## ੩. ਬੀਬੀ ਭਾਨੀ ਜੀ—

ਆਪ ਦਾ ਜਨਮ ੧੫੩੩ ਈ: ਵਿਚ ਪਿੰਡ ਬਾਸਰਕੇ ਹੋਇਆ ਸੀ। ਆਪ ਗੁਰੂ ਅਮਰਦਾਸ ਜੀ ਦੀ ਛੋਟੀ ਲੜਕੀ ਸਨ। ਬੀਬੀ ਭਾਨੀ ਦੀਆਂ ਜੀਵਨ-ਘਟਨਾਵਾਂ ਵੇਰਵੇ ਸਹਿਤ ਵਖਰੇ ਸਿਰਲੇਖ ਹੇਠ ਦਿਤੀਆਂ ਜਾ ਰਹੀਆਂ ਹਨ।

## ੪. ਮਾਈ ਮਾਲਾ ਜੀ—

ਆਪ ਕਸੂਰ ਦੇ ਇਲਾਕੇ ਦੇ ਰਹਿਣ ਵਾਲੀ ਸਨ। ਆਪ ਨੂੰ ਗੁਰੂ ਸਾਹਿਬ ਨੇ ਪਰਚਾਰਕ ਦੇ ਤੌਰ ਉਤੇ ਮੁਕੱਰਰ ਕੀਤਾ ਸੀ। ਆਪ ਨੇ ਕਸੂਰ ਦੇ ਇਲਾਕੇ ਵਿਚ ਸਿਖੀ ਦਾ ਬਹੁਤ ਪਰਚਾਰ ਕੀਤਾ। ਮਾਈ ਮਾਲਾ ਜੀ ਦਾ ਜੀਵਨ ਵੀ ਵਖਰੇ ਸਿਰਲੇਖ ਹੇਠ ਦਿਤਾ ਜਾ ਰਿਹਾ ਹੈ। ਆਪ ਦਾ ਪੁੱਤਰ, ਭਾਈ ਮਣੀਆ ਖ਼ਾਸ ਸਿਖਾਂ ਵਿਚੋਂ ਇਕ ਸੀ, ਜੋ ਆਪਣੀ ਮਾਤਾ ਦੇ ਨਕਸ਼ੇ-ਕਦਮ ਤੇ ਚਲਦਾ ਹੋਇਆ ਬੜੇ ਉਚ ਜੀਵਨ ਵਾਲਾ ਪਰਚਾਰਕ ਪਰਸਿੱਧ ਹੋਇਆ।

## ੫. ਮਾਈ ਸੁਹਾਗ ਬਾਈ—

ਆਪ ਦੇ ਪਤੀ ਭਾਈ ਮਹਿੰਗਾ ਜੀ ਸਨ। ਇਨ੍ਹਾਂ ਦੋਹਾਂ ਜੀਆਂ ਨੂੰ ਮਾਈ ਮਾਲਾ ਜੀ ਤੋਂ ਸਿੱਖੀ ਦੀ ਜਾਗ ਲਗੀ ਸੀ। ਇਹ ਦੋਵੇਂ ਜੀਅ ਸਾਰੀ ਉਮਰ ਗੁਰਮਤਿ ਦਾ ਪਰਚਾਰ ਕਰਦੇ ਰਹੇ।

ਅਗਸਤ ੧੯੨੭ ਈ: ਵਿਚ, ਖਾਲਸਾ ਟ੍ਰੈਕਟ ਸੁਸਾਇਟੀ ਵਲੋਂ ਇਕ ਟ੍ਰੈਕਟ ਛਪਿਆ ਸੀ, 'ਭਾਈ ਮਹਿੰਗਾ ਅਤੇ ਮਾਈ ਸੁਹਾਗ ਬਾਈ ਦੀ ਵਿਥਿਆ', ਉਸ ਵਿਚ ਮਾਈ ਸੁਹਾਗ ਬਾਈ ਬਾਰੇ ਲਿਖਿਆ ਹੈ ਕਿ ੫੨ ਗੁਰਮੁਖ ਸਿਖਣੀਆਂ ਦੀ ਸ਼੍ਰੇਣੀ ਵਿਚ ਮਾਈ ਸੁਹਾਗਬਾਈ ਬੀ ਗਿਣੀ ਗਈ ਅਰ ਚਿਰ ਕਾਲ ਤੱਕ ਲਾਹੌਰ ਵਿਚ ਪਰਉਪਕਾਰ ਕਰਦੀ, ਆਤਮ-ਦਾਤਾਂ ਵੰਡਦੀ, ਆਪ ਜਪਦੀ ਹੋਰਨਾਂ ਨੂੰ ਜਪਾਉਂਦੀ ਰਹੀ। (ਪੰਨਾ ੧੧੦)

ਮਾਈ ਸੁਹਾਗ ਬਾਈ ਦੇ ਜੀਵਨ ਸਮਾਚਾਰ ਇਤਨੇ ਮਹਾਨ ਅਤੇ ਅਲੌਕਿਕ ਹਨ, ਜੋ ਛੇਤੀ ਹੀ ਇਕ ਵਖਰੇ ਲੇਖ ਵਿਚ ਅੰਕਿਤ ਕੀਤੇ ਜਾਣਗੇ।

## ੬. ਮਾਈ ਪੋਤਰੇ—

ਇਤਿਹਾਸ ਵਿਚ ਲਿਖਿਆ ਹੈ ਕਿ ਗੁਰੂ ਅਮਰ ਦਾਸ ਜੀ ਦੇ ਵਰ ਨਾਲ ਇਕ ਸੁਨਿਆਰੀ ਬ੍ਰਿਧ ਮਾਈ ਦੇ ਔਲਾਦ ਹੋਈ ਸੀ। ਤਦ ਤੋਂ ਇਹ ਮਾਈ ਗੁਰੂ-ਘਰ ਦੀ ਬਹੁਤ ਸ਼ਰਧਾਲੂ ਬਣ ਗਈ ਸੀ ਅਤੇ ਗੁਰਮਤਿ ਦਾ ਹੀ ਪਰਚਾਰ ਕਰਦੀ ਰਹੀ ਸੀ। ਇਸ ਮਾਈ ਦੀ ਔਲਾਦ 'ਮਾਈ ਪੋਤਰੇ' ਕਰਕੇ ਪ੍ਰਸਿੱਧ ਹੋਈ, ਜੋ ਗੋਇੰਦਵਾਲ ਵਿਚ ਵਸਦੀ ਹੈ।

## ੭. ਬੀਬੀ ਉਤਮੀ ਜੀ—

ਆਪ ਦੇ ਪਿਤਾ, ਭਾਈ ਹਮਜੇ 'ਚਾਹਲ' ਸਨ। ਉਨ੍ਹਾਂ ਨੇ ਆਪ ਦਾ ਵਿਆਹ, ਅੰਮ੍ਰਿਤਸਰ ਦੇ ਪਾਸ ਜੰਡਿਆਲਾ ਪਿੰਡ ਦੇ ਵਸਨੀਕ ਭਾਈ ਹਿੰਦਾਲ ਜੀ ਨਾਲ ਕਰ ਦਿਤਾ। ਭਾਈ ਹਿੰਦਾਲ ਜੀ ਗੁਰੂ ਘਰ ਦੇ ਬੜੇ ਪ੍ਰੇਮੀ ਸਨ ਅਤੇ ਲੰਗਰ ਦੀ ਸੇਵਾ ਵੱਡੇ ਸ਼ੌਕ ਨਾਲ ਕੀਤਾ ਕਰਦੇ ਸਨ। ਬੀਬੀ ਉਤਮੀ ਜੀ ਉਤੇ ਵੀ ਗੁਰਮਤਿ ਦਾ ਰੰਗ ਚੜ੍ਹਦਾ ਗਿਆ। ਇਹ ਦੋਵੇਂ

[ਬਾਕੀ ਦੇਖੋ ਸਫ਼ਾ ੨੯ ਦੇ ਹੇਠ]



www.AKJ.Org

# ਪੰਥ-ਸਾਜਨਾ ਸਮੇਂ ਬੰਦ ਤੰਬੂ ਵਿਚਲਾ ਗੁਪਤ ਕੌਤਕ

[ਵਲੋਂ—ਜੇ. ਪੀ. ਸੰਗਤ ਸਿੰਘ ਜੀ, ੭੫/੩, ਬੰਬਈ-੯੨]

ਪੰਥ ਸਾਜਨਾ ਸਮੇਂ ਬੰਦ ਤੰਬੂ ਵਿਚ ਕੀਤੇ ਕੌਤਕ ਨੂੰ ਗੁਪਤ ਰਖ ਕੇ ਸਤਿਗੁਰੂ ਜੀ ਨੇ ਸਿਖਾਂ ਸੇਵਕਾਂ ਦੇ ਸਿਦਕ ਨੂੰ ਅਜ਼ਮਾਇਆ ਤੇ ਨਾਲੇ ਸਿਖ ਲਿਖਾਰੀਆਂ ਤੇ ਇਤਿਹਾਸਕਾਰਾਂ ਦੇ ਗੁਰੂ ਉਤੇ ਇਤਬਾਰ ਤੇ ਵਿਸ਼ਵਾਸ਼ ਦੀ ਪਰਖ ਕੀਤੀ ।

ਇਸ ਗੱਲੋਂ ਕੋਈ ਵੀ ਸਜਣ ਸਾਡੇ ਨਾਲ ਅਸਹਿਮਤ ਨਹੀਂ ਹੋਵੇਗਾ ਕਿ ਅਜ ਸਾਡੇ ਕੋਲ ਕੋਈ ਵੀ ਪ੍ਰਮਾਣੀਕ ਅਥਵਾ ਪੂਰਨ ਤੌਰ ਤੇ ਇਤਬਾਰ ਕਰਨ ਯੋਗ ਇਤਿਹਾਸ ਨਹੀਂ ਹੈ ।

ਗੁਰੂ ਘਰ ਦੇ ਦੋਖੀ, ਜਿਨ੍ਹਾਂ ਨੇ ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਤੋਂ ਹੀ ਗੁਰੂ ਘਰ ਵਿਰੁੱਧ ਸਾਜ਼ਸ਼ਾਂ ਕਰਨੀਆਂ ਅਤੇ ਵਿਰੋਧੀ ਗੋਂਦਾਂ ਗੁੰਦਣੀਆਂ ਅਰੰਭ ਦਿਤੀਆਂ ਸਨ, ਸਦਾ ਹੀ ਗੁਰੂ ਨਾਨਕ ਜੀ ਦੀ ਸਿੱਖੀ ਨੂੰ ਕਮਜ਼ੋਰ ਕਰ ਸਕਣ ਦੇ ਅਉਸਰਾਂ ਦੀ ਤਲਾਸ਼ ਵਿਚ ਰਹਿੰਦੇ ਰਹੇ ਹਨ ।

ਪ੍ਰੰਚਮ ਪਾਤਿਸ਼ਾਹ ਦੇ ਸਮੇਂ ਇਹ ਪੰਥ-ਦੋਖੀ ਧੜਾ ਕੁਝ ਵਧੇਰੇ ਹੀ ਜ਼ੋਰ ਪਕੜ ਗਿਆ ਸੀ । ਰਾਜ ਦਰਬਾਰੇ ਵੀ ਇਸ ਦੀ ਪਹੁੰਚ ਹੋ ਗਈ ਅਤੇ ਇਸ ਧੜੇ ਨੂੰ ਕਈ ਵਿਦਵਾਨਾਂ ਦੀ ਸੇਵਾ ਵੀ ਪ੍ਰਾਪਤ ਹੋ ਗਈ। ਇਸੇ ਸਮੇਂ ਵਿਚ ਹੀ ਸਭ ਤੋਂ ਪਹਿਲਾਂ ਗੁਰਮਤਿ ਆਸ਼ੇ ਅਤੇ ਸਹੀ ਹਾਲਾਤ ਦੇ ਵਿਰੁੱਧ ਜਨਮ-ਸਾਖੀਆਂ ਲਿਖੀਆਂ ਗਈਆਂ । ਭਾਈ ਬਾਲੇ ਦੀ ਜਨਮ ਸਾਖੀ, ਜਿਸ ਵਿਚ ਭਾਈ ਬਾਲੇ ਤੋਂ ਛੁਟ ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਭਾਈ ਪੈੜੇ ਮੋਖੇ ਦੇ ਨਾਉਂ ਵਰਤੇ ਗਏ ਹਨ, ਪਰ ਖੋਜੀਆਂ ਦੀ ਖੋਜ ਦਸਦੀ ਹੈ ਕਿ ਇਹ ਇਸੇ ਸਮੇਂ ਹੀ ਲਿਖੀ ਗਈ ਸੀ । ਭਾਈ ਮਿਹਰਬਾਨ ਅਤੇ ਭਾ: ਹੰਦਾਲ ਦੀਆਂ ਜਨਮ ਸਾਖੀਆਂ ਵੀ ਇਸੇ ਸਮੇਂ ਦੀਆਂ ਕ੍ਰਿਤਾਂ ਹਨ । ਅਤੇ ਇਹ ਸਭ ਪੰਥ-ਦੋਖੀ ਧੜੇ ਵਲੋਂ ਹੀ ਲਿਖੀਆਂ ਅਥਵਾ ਲਿਖਵਾਈਆਂ ਹੋਈਆਂ ਹਨ । ਪਾਵਨ ਗੁਰਬਾਣੀ ਦੇ ਮੁਕਾਬਲੇ ਉਤੇ ਨਾਨਕ ਨਾਮ ਨਾਲ ਬਾਣੀ ਵੀ ਘੜੀ ਗਈ । ਸੁਲਹੀ ਖ਼ਾਨ ਨੂੰ ਪੰਚਮ ਪਾਤਿਸ਼ਾਹ ਉਤੇ ਚੜ੍ਹਾ ਕੇ ਲਿਆਂਦਾ ਗਿਆ । ਬਾਲਕ ਗੁਰੂ ਹਰਿਗੋਬਿੰਦ ਜੀ ਨੂੰ ਜ਼ਹਿਰ ਦੇਣ ਦੇ ਯਤਨ ਕੀਤੇ ਗਏ । ਪੰਚਮ ਪਾਤਿਸ਼ਾਹ ਨੂੰ ਸ਼ਹੀਦ ਕਰਾਣ ਵਿਚ ਇਸ ਧੜੇ ਨੇ ਵਾਹ ਲਗਦਾ ਸਾਰਾ ਜ਼ੋਰ ਲਾਇਆ । ਇਸ ਪਿਛੋਂ ਛੇਵੇਂ ਸਤਿਗੁਰੂ ਜੀ ਨੂੰ ਗਵਾਲੀਅਰ ਵਿਚ ਨਜ਼ਰਬੰਦ ਕਰਾਣਾ, ਨੌਵੇਂ ਪਾਤਿਸ਼ਾਹ ਦੇ ਪ੍ਰਗਟ ਹੋਣ ਤੋਂ ਪਹਿਲਾਂ ਪੰਥ ਨੂੰ ਗੁਰੂ ਸੰਬੰਧੀ ਭੁਲੇਖਾ ਪਾਣ ਦੇ ਯਤਨ ਕਰਨਾ, ਨੌਵੇਂ ਪਾਤਿਸ਼ਾਹ ਉਤੇ ਬੰਦੂਕ ਦਾ ਵਾਰ ਕਰਨਾ, ਇਤਿ ਆਦਿ ਪੰਥ-ਦੋਖੀ ਸਾਜ਼ਸ਼ਾਂ ਦਸਮ ਪਾਤਿਸ਼ਾਹ ਤੇ ਉਹਨਾਂ ਦੇ ਪਿਛੋਂ ਤੀਕ ਵੀ ਚਲਦੀਆਂ ਰਹੀਆਂ ।

ਇਸੇ ਧੜੇ ਵਲੋਂ ਪੰਥ ਨੂੰ ਪਥ-ਭ੍ਰਿਸ਼ਟ ਕਰ ਕੇ, ਅਥਵਾ ਅਹਾਰ ਭ੍ਰਿਸ਼ਟ ਕਰ ਕੇ ਕਮਜ਼ੋਰ ਕਰਨ ਦੇ ਸਿਰਤੋੜ ਯਤਨ ਹੁਣ ਤੀਕ ਵੀ ਚਲ ਰਹੇ ਹਨ। ਇਸ ਮਤਲਬ ਲਈ ਇਸੇ ਪੰਥ-ਦੋਖੀ ਜੁੰਡੀ ਵਲੋਂ ਪੰਥ ਨੂੰ ਧੋਖਾ ਦੇਣ ਲਈ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿਤਰ ਨਾਉਂ ਨਾਲ (ਸ੍ਰੀ ਮੁਖਵਾਕ ਪਾਤਿਸ਼ਾਹੀ ੧੦) ਫ਼ਰਜ਼ੀ ਅਤੇ ਸਿਖ ਧਰਮ ਦੇ ਆਦਰਸ਼ਾਂ ਤੇ ਅਸੂਲਾਂ ਵਿਰੁੱਧ ਸਾਹਿੱਤ ਵੀ ਪ੍ਰਕਾਸ਼ਤ ਕੀਤਾ ਜਾਂਦਾ ਰਿਹਾ ।

ਸਤਿਗੁਰੂ ਪੰਚਮ ਪਾਤਿਸ਼ਾਹ ਦੀ ਦੂਰ-ਦ੍ਰਿਸ਼ਟਤਾ ਕਾਰਨ ਪਾਵਨ ਗੁਰਬਾਣੀ ਵਿਚ ਕਿਸੇ ਪ੍ਰਕਾਰ ਦਾ ਰੋਲਾ ਪਾ ਸਕਣ ਅਥਵਾ ਕੋਈ ਮਿਲਾਵਟ ਕਰ ਸਕਣਾ ਤਾਂ ਇਨ੍ਹਾਂ ਦੇ ਵਸ ਦੀ ਗੱਲ ਨ ਰਹਿ ਗਈ, ਪਰ ਸਿਖ ਇਤਿਹਾਸ ਅਤੇ ਸਿਖ ਵਿਰਸੇ ਦੇ ਪ੍ਰਕਾਸ਼ਨ ਵਿਚ, ਸਿਖੀ ਦੀ ਮਰਜਾਦਾ ਅਤੇ ਰਹਿਤਨਾਮਿਆਂ ਆਦਿ ਵਿਚ ਮਨ ਮਰਜ਼ੀ ਦੇ ਰਲੇ ਪਾ ਸਕਣ ਵਿਚ ਪੂਰੀ ਤਰ੍ਹਾਂ



www.AKJ.Org

ਸਫਲ ਹੋ ਗਏ ।

ਪੰਥ-ਦੋਖੀਆਂ ਵਲੋਂ ਸਮੁਚੇ ਪੰਥ ਨੂੰ ਪਥ-ਭ੍ਰਿਸ਼ਟ ਅਤੇ ਅਹਾਰ-ਭ੍ਰਿਸ਼ਟ ਕਰਨ ਦੀ ਸਾਜ਼ਸ਼ ਦੀ ਇਕ ਕੜੀ ਹੈ "ਸੀਸ ਭੇਂਟ ਵਾਲੇ ਦਿਨ ਕਲਗੀਧਰ ਪਿਤਾ ਜੀ ਨੇ ਪੰਜਾਂ ਪਿਆਰਿਆਂ ਨੂੰ ਨਵ-ਜੀਵਨ ਬਖ਼ਸ਼ਣ ਦੀ ਥਾਂ ਬਕਰੇ ਵਢੇ ਸਨ" ਲਿਖਣਾ ।

ਇਤਿਹਾਸ ਇਸ ਪ੍ਰਕਾਰ ਹੈ :—

੧੬੯੯ ਈਸਵੀ ਦੀ ਵਿਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ ਇਕੱਠੇ ਹੋਣ ਲਈ ਸਤਿਗੁਰੂ ਜੀ ਨੇ ਦੇਸ਼ ਭਰ ਵਿਚ ਪਲੂ ਫੇਰਿਆ । ਨਿਸਚਿਤ ਦਿਨ ਦੇਸ਼ ਦੇ ਕੋਨੇ ਕੋਨੇ ਚੋਂ ਸਿਖ ਸੰਗਤਾਂ ਅਨੰਦਪੁਰ ਸਾਹਿਬ ਵਿਖੇ ਭਾਰੀ ਗਿਣਤੀ ਵਿਚ ਆ ਜੁੜੀਆਂ ।

ਇਸ ਉਚੇਚੇ ਦੀਵਾਨ ਲਈ ਉਚੇਚੇ ਪੰਡਾਲ ਬਣਾਏ ਗਏ । ਦੀਵਾਨ-ਅਸਥਾਨ ਦੇ ਪੰਡਾਲ ਦੇ ਸਟੇਜ ਦੇ ਨਾਲ ਕਰ ਕੇ ਇਕ ਬੰਦ ਤੰਬ ਵੀ ਲਗਵਾਇਆ ਗਿਆ ।

ਕੀਰਤਨ ਉਪ੍ਰੰਤ ਸਤਿਗੁਰੂ ਜੀ ਨੇ ਇਕ ਅਤਯੰਤ ਦੀ ਦਰਦ ਭਰਪੂਰ, ਬੀਰ-ਰਸੀ ਅਤੇ ਦੇਸ਼ ਪਿਆਰ ਨਾਲ ਡੁਲ੍ਹ ਡੁਲ੍ਹ ਪੈਂਦੀ ਵਲਵਲੇ ਭਰਪੂਰ ਤਕਰੀਰ ਕੀਤੀ ਅਤੇ ਆਪਣਾ ਪੰਥ ਸਾਜਣ ਦਾ ਵਿਚਾਰ ਹਾਜ਼ਰ ਸੰਗਤ ਅਗੇ ਰਖਿਆ । ਆਪਣੇ ਵਿਖਿਆਨ ਦੇ ਅੰਤ ਉਤੇ ਸਤਿਗੁਰੂ ਜੀ ਨੇ ਸ੍ਰੀ ਸਾਹਿਬ ਦੀ ਮੁਠ ਉਤੇ ਹਥ ਰਖਿਆ ਤੇ ਧੂਹ ਕੇ ਮਿਆਨੋਂ ਕਢ ਲਈ ਤੇ ਇਸ ਨੂੰ ਉਲਾਰਦੇ ਹੋਏ, ਦੇਸ਼ ਅਤੇ ਕੌਮ ਲਈ ਇਕ ਸਿਰ ਦੀ ਮੰਗ ਕੀਤੀ । ਭਰੇ ਦੀਵਾਨ ਵਿਚ ਇਕ-ਵਾਰਗੀ ਚੁਪ ਛਾ ਗਈ, ਸੰਗਤਾਂ ਹੈਰਾਨ ਪ੍ਰੇਸ਼ਾਨ ਹੋਈਆਂ, ਸਤਿਗੁਰੂ ਜੀ ਨੂੰ ਬੀਰ ਰਸ ਵਿਚ ਵੇਖ ਕੇ ਇਕ ਦੂਜੇ ਦੇ ਮੂੰਹ ਵੱਲ ਵੇਖਣ ਲਗੀਆਂ ।

ਅੰਤ ਇਕ ਪਾਸਿਓਂ "ਦਯਾ" ਨੇ ਸਿਰ ਚੁਕਿਆ ਤੇ ਆਪਣੇ ਆਪ ਨੂੰ ਆ ਸਤਿਗੁਰੂ ਜੀ ਦੇ ਹਵਾਲੇ ਕੀਤਾ । ਸਤਿਗੁਰੂ ਜੀ ਨੇ "ਦਯਾ ਰਾਮ" ਨੂੰ ਬਾਹੋਂ ਫੜਿਆ ਤੇ ਉਸ ਬੰਦ ਤੰਬੂ ਦੇ ਅੰਦਰ ਲੈ ਗਏ ।

ਕੁਝ ਹੀ ਛਿਨ ਪਿਛੋਂ ਸਤਿਗੁਰੂ ਜੀ ਤੰਬੂ ਚੋਂ ਬਾਹਰ ਆਏ । ਹਥ ਵਿਚ ਉਹੋ ਹੀ ਲਿਸ਼ਕਦੀ ਚਮਕਦੀ ਸ੍ਰੀ ਸਾਹਿਬ । ਹੁਣ ਫਿਰ ਇਕ ਸਿਰ ਦੀ ਮੰਗ ਕੀਤੀ । ਸੰਗਤਾਂ ਵਿਚ ਕਮਜ਼ੋਰ-ਈਮਾਨ ਸਜਣਾਂ ਵਿਚ ਸਹਿਮ ਛਾ ਗਿਆ । ਪਰ ਇਕ ਬੰਨਿਓਂ "ਧਰਮ" ਉਠਦਾ ਦਿਸਿਆ । ਉਹ ਵੀ ਮਲਕੜੇ ਮਲਕੜੇ ਸਤਿਗੁਰੂ ਜੀ ਦੇ ਕੋਲ ਪੁਜਾ ਤੇ ਆਪਣੇ ਆਪ ਨੂੰ ਸਤਿਗੁਰੂ ਜੀ ਦੇ ਅਰਪਨ ਕਰ ਦਿਤਾ । ਉਸਨੂੰ ਵੀ ਸਤਿਗੁਰੂ ਨੇ ਬਾਹੋਂ ਫੜਿਆ ਅਤੇ ਦਯਾ ਰਾਮ ਵਾਂਗੂ ਧਰਮ ਚੰਦ ਨੂੰ ਵੀ ਉਸੇ ਤੰਬੂ ਦੇ ਅੰਦਰ ਲੈ ਗਏ ।

ਦੂਜੀ ਵੇਰ ਸਤਿਗੁਰੂ ਫਿਰ ਤੰਬੂ ਵਿਚੋਂ ਬਾਹਰ ਨਿਕਲੇ । ਹਥ ਵਿਚ ਉਹੋ ਦਮਕਦੀ ਚਮਕਦੀ ਸ੍ਰੀ ਸਾਹਿਬ ਲਈ ਹੋਈ । ਤੇ ਫਿਰ ਅਗੇ ਵਾਂਗੂ ਤੀਜੇ ਸਿਰ ਦੀ ਮੰਗ ਕੀਤੀ ।

ਸੰਗਤ ਵਿਚ ਹੋਰ ਭਉ ਵਰਤ ਗਿਆ । ਕਈ ਤਾਂ ਖਿਸਕਣ ਹੀ ਲਗ ਪਏ । ਪਰ ਇਕ ਪਾਸਿਓਂ 'ਹਿੰਮਤ' ਉਠੀ । ਹਿੰਮਤ ਰਾਮ ਵੀ ਸਤਿਗੁਰੂ ਜੀ ਦੇ ਕੋਲ ਪੁਜਾ ਤੇ ਆਪਣਾ ਆਪ ਸਤਿਗੁਰੂ ਜੀ ਦੀ ਭੇਂਟ ਕਰ ਦਿਤਾ । ਉਸਨੂੰ ਵੀ ਪਾਤਿਸ਼ਾਹ ਤੰਬੂ ਦੇ ਅੰਦਰ ਲੈ ਗਏ ਤੇ ਫਿਰ ਤੀਜੀ ਵੇਰਾਂ ਸਤਿਗੁਰੂ ਉਹੋ ਕ੍ਰਿਪਾਨ ਹਥ ਵਿਚ ਫੜੀ, ਤੰਬੂ ਚੋਂ ਬਾਹਰ ਆਏ ਤੇ ਚੌਥੇ ਸਿਰ ਲਈ ਵੰਗਾਰ ਪਾਈ ।

ਹੁਣ "ਸਾਹਿਬੀ" ਨੇ ਅਪਣਾ ਆਪ ਸਾਹਿਬਾਂ ਦੇ ਪੇਸ਼ ਕੀਤਾ । ਉਸਨੂੰ ਵੀ ਪਹਿਲੇ ਵਾਂਗੂ ਹੀ ਤੰਬੂ ਵਿਚ ਲਿਜਾਇਆ ਗਿਆ ਤੇ ਚੌਥੀ ਵਾਰ ਸਤਿਗੁਰੂ ਜੀ ਫਿਰ ਸ੍ਰੀ ਸਾਹਿਬ ਫੜੀ ਤੰਬੂ ਚੋਂ ਪ੍ਰਗਟ ਹੋਏ ਅਤੇ ਪੰਜਵੇਂ ਸਿਰ ਦੀ ਮੰਗ ਕੀਤੀ ।

ਐਤਕੀ "ਮੁਹਕਮੀ" ਨੇ ਸਤਿਗੁਰੂ ਜੀ ਨੂੰ ਆਪਾ ਭੇਟ ਆ ਕੀਤਾ । ਉਸ ਨਾਲ ਵੀ ਪਹਿਲਿਆਂ ਵਰਗਾ ਸਲੂਕ ਹੀ ਕੀਤਾ ਗਿਆ ।

ਹੁਣ ਚੰਗਾ ਝਟ ਸਤਿਗੁਰੂ ਜੀ ਬਾਹਰ ਨਾ ਨਿਕਲੇ ਤੇ ਕੁਝ ਦੇਰ ਪਿਛੋਂ ਜਦੋਂ ਨਿਕਲੇ ਤਾਂ ਆਪ ਜੀ ਦੇ ਪਿਛੇ ਪਿਛੇ ਉਹ ਪੰਜੇ ਹੀ, ਜਿਨ੍ਹਾਂ ਨੇ ਆਪਣਾ ਆਪ ਸਤਿਗੁਰੂ ਜੀ ਦੇ ਅਰਪਨ ਕਰਨ ਦੀ ਦਲੇਰੀ ਕੀਤੀ ਸੀ, ਇਕ ਨਵ ਰੂਪ, ਸੁੰਦਰ ਪੋਸ਼ਾਕ, ਨਵੇਂ ਨਿਖਰੇ ਚਿਹਰਿਆਂ, ਚਿਹਰਿਆਂ ਉਤੇ ਜੁਰਅਤ ਦੇ ਮਰਦਾਨਗੀ ਦੀ ਲਾਲੀ, ਅੱਖਾਂ ਵਿਚ ਵੀਰਤਾ ਤੇ ਸੂਰਮਤਾ ਦਾ



www.AKJ.Org

ਅਦੁਤੀ ਜਲਾਲ; ਡੌਲ੍ਹਿਆਂ ਵਿਚ ਮਹਾਂ ਵੀਰਾਂ ਤੇ ਸੂਰਬੀਰ ਯੋਧਿਆਂ ਦੀ ਫੜਕਣ, ਅਤੇ ਛਾਤੀਆਂ ਵਿਚ ਦੇਸ਼ ਸੁਤੰਤ੍ਰਤਾ ਦੀ ਲਗਨ ਤੇ ਧੜਕਣ ਅਤੇ ਕਿਸੇ ਅਗੰਮੀ ਨੂਰ ਤੇ ਵਿਸ਼ਵਾਸ ਨਾਲ ਚਮਕਦੇ ਮੱਥਿਆਂ ਨਾਲ, ਦੀਵਾਨ ਵਿਚ ਹਾਜ਼ਰ ਸਜਣਾਂ ਲਈ ਰਸ਼ਕ ਬਣ ਕੇ ਆ ਰਹੇ ਸਨ।

ਬਾਹਰ ਆ ਕੇ ਸਤਿਗੁਰੂ ਜੀ ਨੇ ਸਰਬਲੋਹ ਦਾ ਖੰਡਾ ਤੇ ਬਾਟਾ ਮੰਗਵਾਇਆ। ਬਾਟੇ ਨੂੰ ਇਕ ਚੌਕੀ ਉਤੇ ਟਿਕਾਇਆ। ਸਵੱਛ ਤੇ ਪਵਿਤਰ ਜਲ ਮੰਗਵਾਇਆ ਤੇ ਉਸ ਨੂੰ ਬਾਟੇ ਵਿਚ ਪਾਇਆ ਗਿਆ। ਮਾਤਾ ਸਾਹਿਬ ਦੇਵਾਂ ਜੀ ਨੇ ਪੰਥ ਵਿਚ ਪਿਆਰ ਤੇ ਮਿਠਾਸ ਭਰਨ ਲਈ, ਇਸ ਜਲ ਵਿਚ ਪਤਾਸੇ ਲਿਆ ਪਾਏ, ਸਤਿਗੁਰੂ ਜੀ ਨੇ ਪੰਥ ਵਿਚ—

ਦਯਾ ਜੀਵਾਂ ਦੀ
ਧਰਮ ਦਾ ਪਰਚਾ
ਹਿੰਮਤ ਸਰੀਰ ਦੀ
ਸਾਹਿਬੀ ਲੋਕ ਪ੍ਰਲੋਕ ਦੀ
ਅਤੇ
ਮੁਹਕਮਤਾ ਵਿਸ਼ਵਾਸ ਦੀ,

ਭਰਨੀ ਸੀ। ਇਸ ਲਈ ਇਹ ਪੰਜੇ ਸਤਿਗੁਰੂ ਜੀ ਦੇ ਦੁਆਲੇ ਖੜੇ ਹੋ ਗਏ। ਸਤਿਗੁਰੂ ਜੀ ਬੀਰ-ਆਸਣ ਹੋ ਕੇ ਸਜ ਗਏ। ਵਿਧੀ ਅਨੁਸਾਰ ਅੰਮ੍ਰਿਤ ਤਿਆਰ ਕਰ ਕੇ ਪੰਜਾਂ ਨੂੰ ਛਕਾ ਦਿਤਾ ਗਿਆ ਤੇ ਉਨ੍ਹਾਂ ਪੰਜਾਂ ਤੋਂ ਉਪ੍ਰੋਕਤ ਪੰਜੇ ਗੁਣ ਪੰਥ ਵਿਚ ਸਿੰਚਾਰ ਕਰਨ ਦਾ ਰਾਹ ਬਣਾਇਆ। ਇਨ੍ਹਾਂ ਪੰਜਾਂ ਦੇ ਨਾਲ ਨਾਲ ਸਤਿਗੁਰੂ ਜੀ ਨੇ ਪੰਥ ਨੂੰ ਗੁਰਿਆਈ ਵੀ ਬਖਸ਼ਣੀ ਸੀ, ਜਿਸ ਕਰਕੇ ਹੁਣ ਸਤਿਗੁਰੂ ਜੀ ਆਪ ਅੰਮ੍ਰਿਤ ਅਭਿਲਾਖੀ ਦੀ ਸ਼ਕਲ ਵਿਚ ਇਨ੍ਹਾਂ ਪੰਜਾਂ ਦੇ ਸਾਹਮਣੇ ਆ ਬਿਰਾਜਮਾਨ ਹੋਏ।

ਕਲਗੀਧਰ ਪਾਤਿਸ਼ਾਹ ਨੇ ਜੋ ਕੁਝ ਬੰਦ ਤੰਬੂ ਵਿਚ ਕੀਤਾ, ਉਸ ਨੂੰ ਪੰਥ ਤੋਂ ਅਥਵਾ ਸੰਗਤਾਂ ਤੋਂ ਗੁਪਤ ਰਖਣਾ ਚਾਹੁੰਦੇ ਸਨ। ਇਸ ਲਈ ਉਸ ਨੂੰ ਪ੍ਰਗਟ ਨਹੀਂ ਕੀਤਾ। ਇਸ ਲਈ ਸਤਿਗੁਰੂ ਜੀ ਦੇ ਵਿਸ਼ਵਾਸੀ ਤੇ ਪੂਰਨ ਸਿਦਕੀ ਸਿਖ ਦਾ ਧਰਮ ਬਣਦਾ ਹੈ ਕਿ ਜੋ ਕੁਝ ਸਤਿਗੁਰੂ ਵਿਖਾਵਾ ਅਥਵਾ ਪ੍ਰਗਟ ਕਰਨਾ ਨਹੀਂ ਚਾਹੁੰਦੇ, ਉਸ ਨੂੰ ਜਾਣਨ ਦਾ ਯਤਨ ਹੀ ਨਾ ਕਰੇ। ਪਰ ਇਹ ਜਾਣਦੇ ਹੋਏ ਕਿ ਸਤਿਗੁਰੂ ਜੀ ਨੇ ਤੰਬੂ ਉਚੇਚੇ ਤੌਰ ਤੇ ਬੰਦ ਰਖਿਆ ਹੈ, ਜਿਹੜਾ ਕੋਈ ਉਸ ਵਿਚ ਝਾਤੀਆਂ ਮਾਰਨ ਦਾ ਯਤਨ ਕਰਦਾ ਹੈ, ਅਥਵਾ ਸਤਿਗੁਰੂ ਜੀ ਦੇ ਗੁਪਤ ਕੌਤਕਾਂ ਨੂੰ ਚੋਰੀ ਚੋਰੀ ਵੇਖਣ ਦਾ ਯਤਨ ਕਰਦਾ ਹੈ, ਨਿਰਸੰਦੇਹ ਉਹ ਸਤਿਗੁਰੂ ਜੀ ਉਤੇ ਆਪਣਾ ਸੰਦੇਹ ਅਥਵਾ ਬੇ-ਵਿਸ਼ਵਾਸੀ ਪ੍ਰਗਟ ਕਰਦਾ ਹੈ ਅਤੇ ਸਤਿਗੁਰੂ ਜੀ ਦੀ ਇਛਾ ਦੇ ਵਿਰੁੱਧ ਤੰਬੂ ਅੰਦਰ ਝਾਤੀਆਂ ਮਾਰ ਕੇ ਉਥੇ ਕਦੇ ਬਕਰੇ ਲਭਦਾ ਹੈ, ਕਦੇ ਸਿੰਘਾਂ ਦੇ ਸਿਰ ਕਟੀਂਦੇ ਵੇਖਦਾ ਹੈ ਅਤੇ ਕਦੇ ਕੁਝ ਹੋਰ ਵੇਖਦਾ ਹੈ।

ਸਤਿਗੁਰੂ ਜੀ ਨੇ ਅੰਦਰ ਕੀ ਕੌਤਕ ਕੀਤਾ, ਉਸ ਨੂੰ ਵੇਖਣ ਦਾ ਕਿਸੇ ਵੀ ਸਿਦਕੀ ਅਤੇ ਸਤਿਗੁਰੂ ਜੀ ਉਤੇ ਪੂਰਨ ਵਿਸ਼ਵਾਸ ਰਖਣ ਵਾਲੇ ਸਿਖ ਦਾ ਕੋਈ ਹੱਕ ਨਹੀਂ ਬਣਦਾ ਤੇ ਨਾ ਹੀ ਧਰਮ ਹੀ ਬਣਦਾ ਹੈ।

ਜਿਤਨੇ ਇਤਿਹਾਸਾਂ ਵਿਚ ਸੀਸ-ਭੇਟ ਦਿਵਸ ਉਤੇ "ਬਕਰੇ ਵਢੇ" ਲਿਖਿਆ ਮਿਲਦਾ ਹੈ, ਉਨ੍ਹਾਂ ਚੋਂ ਕਿਸੇ ਇਕ ਦਾ ਲਿਖਾਰੀ ਵੀ ਉਸ ਇਤਿਹਾਸਕ ਦੀਵਾਨ ਵਿਚ ਜ਼ਾਤੀ ਤੌਰ ਤੇ ਬੈਠਾ ਹੋਇਆ ਨਹੀਂ ਸੀ, ਜਿਸ ਨੇ ਕਿ ਆਪਣੀ ਅੱਖੀਂ ਬਕਰੇ ਲਿਆਏ ਜਾਂਦੇ, ਅਥਵਾ ਤੰਬੂ ਵਿਚ ਬਧੇ ਜਾਂਦੇ ਵੇਖੇ ਹੋਣ, ਅਥਵਾ ਤੰਬੂ ਅੰਦਰ ਉਨ੍ਹਾਂ ਦੇ ਵਢੇ ਜਾਣ ਦੀ ਆਵਾਜ਼ ਆਪਣੇ ਕੰਨੀਂ ਸੁਣੀ ਹੋਵੇ ਜਾਂ ਸਾਰਾ ਕੌਤਕ ਹੋ ਜਾਣ ਪਿਛੋਂ ਉਸ ਤੰਬੂ ਵਿਚੋਂ ਉਨ੍ਹਾਂ ਮਰੇ ਹੋਏ ਬਕਰਿਆਂ ਨੂੰ ਕਢਿਆ ਜਾਂਦਾ ਵੇਖਿਆ ਹੋਵੇ, ਅਥਵਾ ਉਨ੍ਹਾਂ ਦੇ ਮਾਸ ਨੂੰ ਕਿਸੇ ਪਾਸੇ ਵਰਤਿਆ ਜਾ ਰਿਹਾ ਜਾਂ ਕਿਸੇ ਲੰਗਰ ਵਿਚ ਬਣਿਆ ਹੋਇਆ ਵੰਡਿਆ ਜਾ ਰਿਹਾ ਵੇਖਿਆ ਹੋਵੇ।

ਵਕਤ ਦੀ ਹਕੂਮਤ ਦੇ ਖ਼ੁਫ਼ੀਆ ਮਹਿਕਮੇ ਦੇ ਕਰਮਚਾਰੀ ਹਕੂਮਤ ਦੇ ਭੇਜੇ ਉਸ ਦੀਵਾਨ ਵਿਚ ਮੌਜੂਦ ਸਨ। ਉਨ੍ਹਾਂ ਨੇ ਉਸ ਦਿਨ ਦੇ ਦੀਵਾਨ ਦੀ ਕਾਰਵਾਈ ਦੀ ਪੂਰੀ ਪੂਰੀ ਰੀਪੋਰਟ ਆਪਣੀ ਸਰਕਾਰ ਨੂੰ ਭੇਜੀ ਹੈ। ਉਨ੍ਹਾਂ ਨੇ ਦੀਵਾਨ ਵਿਚ ਹਾਜ਼ਰ ਸੰਗਤਾਂ ਦੇ ਅੰਕੜੇ ਵੀ ਦਿਤੇ ਹਨ। ਉਸ ਇਤਿਹਾਸਕ ਦਿਨ ਉਤੇ ਕੀਤੀ ਗਈ ਸਤਿਗੁਰੂ ਜੀ ਦੀ ਵਲਵਲਾ-ਖ਼ੇਜ਼



www.AKJ.Org

ਤਕਰੀਰ ਵੀ ਆਪਣੀ ਹਕੂਮਤ ਨੂੰ ਭੇਜੀ ਹੈ। ਸਤਿਗੁਰੂ ਜੀ ਦਾ ਅੰਮ੍ਰਿਤ ਤਿਆਰ ਕਰਨਾ, ਪੰਜਾਂ ਨੂੰ ਛਕਾਣਾ ਤੇ ਫਿਰ ਉਨ੍ਹਾਂ ਹਥੋਂ ਆਪ ਛਕਣਾ, ਇਸ ਸਾਰੀ ਰੀਪੋਰਟ ਦਾ ਉਲੇਖ ਉਨ੍ਹਾਂ ਦੀ ਭੇਜੀ ਰੀਪੋਰਟ ਚੋਂ ਮਿਲਦਾ ਹੈ। ਉਨ੍ਹਾਂ ਦੀ ਇਸ ਰੀਪੋਰਟ ਵਿਚ ਕਿਧਰੇ ਵੀ ਬਕਰਿਆਂ ਦਾ ਸੰਕੇਤ ਨਹੀਂ ਹੈ। ਜੇ ਉਪ੍ਰੋਕਤ ਲਾਲ ਬੁਝੱਕੜ ਇਤਿਹਾਸਕਾਰਾਂ ਦੀ ਲਿਖਤ ਅਨੁਸਾਰ ਬਕਰੇ ਉਥੇ ਹੁੰਦੇ ਤਾਂ ਕਦੇ ਇਹ ਨਹੀਂ ਹੋ ਸਕਦਾ ਕਿ ਉਹ ਉਨ੍ਹਾਂ ਵਾਲ ਦੀ ਖਲ ਲਾਹਣ ਵਾਲੇ ਜਸੂਸਾਂ ਦੀ ਨਜ਼ਰ ਚੋਂ ਬਚੇ ਰਹਿੰਦੇ।

ਜਿਹੜੇ ਸਜਣ "ਬਕਰੇ ਵਢੇ' ਦਾ ਉਲੇਖ ਕਰਦੇ ਹਨ, ਨਿਰਸੰਦੇਹ ਉਹ ਸਤਿਗੁਰੂ ਜੀ ਉਤੇ ਬੇਵਿਸ਼ਵਾਸੀ ਤੇ ਬੇਇਤਬਾਰੀ ਪ੍ਰਗਟ ਕਰਦੇ ਹਨ। ਅਤੇ ਜੋ ਕੁਝ ਸਤਿਗੁਰੂ ਜੀ ਪ੍ਰਗਟਾਣਾ ਚਾਹੁੰਦੇ ਸਨ, ਇਨ੍ਹਾਂ ਲੇਖਕਾਂ ਨੂੰ ਉਸ ਉਤੇ ਇਤਬਾਰ ਨਹੀਂ ਬੈਠਦਾ, ਜਿਸ ਕਰਕੇ ਉਹ ਗੁਰੂ ਜੀ ਦੀ ਇੱਛਾ ਵਿਰੁਧ ਉਨ੍ਹਾਂ ਵਲੋਂ ਗੁਪਤ ਰਖੇ ਕੌਤਕ ਨੂੰ ਝਾਤੀਆਂ ਮਾਰ ਮਾਰ ਵੇਖਣ ਦਾ ਯਤਨ ਕਰ ਕੇ ਅਤੇ ਉਸਨੂੰ ਗੁਰੂ-ਇਛਾ ਵਿਰੁੱਧ ਆਪਣੇ ਅਨੁਮਾਨ ਨਾਲ ਪ੍ਰਗਟਾਉਣਾ ਚਾਹੁੰਦੇ ਹਨ।

ਇਹੋ ਜਹੇ, ਗੁਰੂ ਉਤੇ ਵਿਸ਼ਵਾਸ ਨਾ ਰਖਦੇ ਸਜਣ ਨਿਰਸੰਦੇਹ ਗੁਰੂ ਤੋਂ ਬੇਮੁਖ ਹਨ ਤੇ ਇਨ੍ਹਾਂ ਗੁਰੂ ਤੋਂ ਬੇਮੁਖਾਂ ਦੀਆਂ ਲਿਖਤਾਂ ਉਤੇ ਇਤਬਾਰ ਕਰਨ ਵਾਲੇ ਗੁਰੂ ਜੀ ਤੋਂ ਬੇਮੁਖਤਾਈ ਦੇ ਪਾਪ ਦੇ ਭਾਗੀ ਬਣ ਰਹੇ ਹਨ।

ਸਾਡੇ ਵਿਚਾਰ ਵਿਚ ਸਤਿਗੁਰੂ ਜੀ ਨੇ ਉਦੋਂ ਉਸ ਗੁਪਤ ਤੰਬੂ ਵਿਚ ਕੀਤੇ ਕੌਤਕ ਨੂੰ ਗੁਪਤ ਰਖ ਕੇ ਇਕ ਪਾਸੇ ਤਾਂ ਸਿਖਾਂ ਤੇ ਸੇਵਕਾਂ ਦੇ ਸਿਦਕ ਨੂੰ ਅਜ਼ਮਾਇਆ ਸੀ, ਜਿਹੜੇ ਕਿ ਸਤਿਗੁਰੂ ਜੀ ਦੀ ਲੋੜ ਅਨੁਸਾਰ ਪੂਰੇ ਪੰਜ ਨਿਤਰ ਕੇ ਇਸ ਇਮਤਿਹਾਨ ਚੋਂ ਪਾਸ ਹੋ ਗਏ ਅਤੇ ਦੂਜਾ ਸਤਿਗੁਰੂ ਜੀ ਨੇ ਸਿਖ ਲੇਖਕਾਂ ਤੇ ਇਤਿਹਾਸਕਾਰਾਂ ਦੀ ਆਪਣੇ ਉਤੇ ਵਿਸ਼ਵਾਸ ਤੇ ਇਤਬਾਰ ਦੀ ਪਰਖ ਕੀਤੀ ਹੈ, ਜਿਸ ਚੋਂ ਜਿਹੜੇ ਗੁਰੂ-ਇੱਛਾ ਵਿਰੁਧ ਆਪਣੀ ਬੁਧੀ, ਅਨੁਮਾਨ ਤੇ ਆਪਣੇ ਮਨ ਦੀ ਮਤ ਅਨੁਸਾਰ ਅੰਦਾਜ਼ੇ ਲਾ ਲਾ ਕੇ 'ਬਕਰੇ ਆਦਿ ਵਢੇ' ਲਿਖਦੇ ਹਨ, ਸਤਿਗੁਰੂ ਜੀ ਦੀ ਇਸ ਪਰਖ-ਕਸਵਟੀ ਉਤੇ ਪੂਰੇ ਨਾ ਉਤਰ ਕੇ ਫ਼ੇਲ੍ਹ ਹੋਏ ਪ੍ਰਮਾਣਿਤ ਹਏ ਹਨ।

—o—

---

[ਸਫ਼ਾ ੨੨ ਦੀ ਬਾਕੀ]

ਜੀਅ ਕਾਫ਼ੀ ਸਮਾਂ ਗੋਇੰਦਵਾਲ ਰਹੇ। ਜਦੋਂ ਗੁਰੂ ਸਾਹਿਬ ਨੇ ਭਾਈ ਹਿੰਦਾਲ ਜੀ ਨੂੰ ਪਰਚਾਰਕ ਦੀ ਮੰਜੀ ਬਖ਼ਸ਼ੀ ਤਾਂ ਹੁਕਮ ਹੋਇਆ ਕਿ ਆਪਣੇ ਪਿੰਡ ਚਲੇ ਜਾਉ। ਭਾਈ ਹਿੰਦਾਲ ਜੀ ਆਪਣੀ ਇਸਤ੍ਰੀ ਸਮੇਤ ਪਿੰਡ ਆ ਗਏ। ਇਥੇ ਦੋਹਾਂ ਜੀਆਂ ਨੇ ਰੱਜ ਕੇ ਗੁਰਮਤਿ ਦਾ ਪਰਚਾਰ ਕੀਤਾ।

ਉਪਰੋਕਤ ਬੀਬੀਆਂ ਦੇ ਜੀਵਨ ਸਿਖ ਧਰਮ ਦੇ ਪਰਚਾਰ ਦੀ ਮੂੰਹ ਬੋਲਦੀ ਤਸਵੀਰ ਹਨ। ਗਿ: ਲਾਲ ਸਿੰਘ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਜਿਥੇ ਬਾਈ ਸੂਬੇ ਪਰਚਾਰ ਲਈ ਕਾਇਮ ਕੀਤੇ, ਉਸ ਦੇ ਨਾਲ ਚਕ੍ਰਵਰਤੀ ਪਰਚਾਰਕ ਭੀ ਨੀਯਤ ਕੀਤੇ। ਇਸਤ੍ਰੀ ਜਾਤੀ ਵਿਖੇ ਪਰਚਾਰ ਲਈ ਬੀਬੀਆਂ ਨੂੰ ਭੀ ਕਾਇਮ ਕੀਤਾ। ਇਨ੍ਹਾਂ ਵਿਚੋਂ ਕਈਆਂ ਨੂੰ ਪੀੜ੍ਹੀਆਂ (ਪ੍ਰਚਾਰਕਾਂ ਦੀਆਂ ਸਨਦਾਂ) ਭੀ ਬਖ਼ਸ਼ੀਆਂ।

[ਗੁਰੂ ਖਾਲਸਾ ਤਵਾਰੀਖ਼, ਪੰਨਾ ੨੨੧

ਗੁਰਮੁਖ ਬੀਬੀਆਂ ਸਿੱਖ ਧਰਮ ਦਾ ਸੱਚਾ ਤੇ ਸੁੱਚਾ ਪਰਚਾਰ ਕਰਦੀਆਂ ਰਹੀਆਂ। ਉਨ੍ਹਾਂ ਨਾਮ ਜਪਣ ਵਿਚ ਹੀ ਜ਼ਿੰਦਗੀ ਬਿਤੀਤ ਕੀਤੀ ਅਤੇ ਨਾਮ ਜਪਣ ਵਲ ਹੀ ਲੁਕਾਈ ਨੂੰ ਲਾਇਆ। ਗੁਰਬਾਣੀ ਦੇ ਆਸ਼ੇ ਅਨੁਸਾਰ ਆਪਣਾ ਜੀਵਨ ਢਾਲਿਆ ਅਤੇ ਹੋਰਨਾਂ ਨੂੰ ਇਸ ਪਾਸੇ ਚਲਣ ਲਈ ਪ੍ਰੇਰਿਆ। ਅਜਿਹੀਆਂ ਬੀਬੀਆਂ ਕਦੀ ਭਾਗਾਂ ਨਾਲ ਇਸ ਸੰਸਾਰ ਤੇ ਜਨਮ ਲੈਂਦੀਆਂ ਹਨ, ਜਿਨ੍ਹਾਂ ਦਾ ਇਕ ਇਕ ਪਲ ਪ੍ਰਭੂ ਦੀ ਯਾਦ ਵਿਚ ਬੀਤਦਾ ਹੈ ਅਤੇ ਆਲੇ ਦੁਆਲੇ ਵੀ ਨਾਮ ਦੀ ਸੁਗੰਧੀ ਮਹਿਕਾਉਂਦੀਆਂ ਹਨ। ਮਨ ਉਨ੍ਹਾਂ ਪਵਿੱਤਰ ਆਤਮਾਵਾਂ ਦੇ ਚਰਨ ਪਰਸਣ ਨੂੰ ਲੋਚਦਾ ਹੈ। ਉਹ ਤਾਂ ਅਕਾਲ ਪੁਰਖ ਦੇ ਚਰਨਾਂ ਵਿਚ ਸਮਾ ਗਈਆਂ ਅਤੇ ਆਪਣੇ ਪਿਛੇ ਇਕ ਬਹੁਤ ਵੱਡਾ ਉਪਦੇਸ਼ ਭਰਿਆ ਇਤਿਹਾਸ ਛੋੜ ਗਈਆਂ।

—o—



www.AKJ.Org

# ਗੁਰੂ "ਨਾਨਕ ਨਾਮੁ ਮਿਲੈ ਤਾਂ ਜੀਵਾਂ"

[ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ', ਮਾਲਬ (ਗੁੜਗਾਉਂ) ]

ਗੁਰੂ ਨਾਨਕ ਪ੍ਰਕਾਸ਼ ਦਿਹਾੜਾ ਆਇਆ ਭਾਗਾਂ ਭਰਿਆ।
ਵਿਚ ਤਲਵੰਡੀ ਨੂਰ ਖਿੰਡਾ ਕੇ ਦੁੱਖ ਜਗਤ ਦਾ ਹਰਿਆ।
ਜਿਸ ਨੇ ਆ ਕੇ ਇਕ ਵਾਰੀ ਵੀ ਚਰਨਾਂ ਤੇ ਸਿਰ ਧਰਿਆ।
ਡੁਬਦਾ ਹੋਇਆ ਬੇੜਾ ਉਸ ਦਾ ਪਲ ਵਿਚ ਪਾਰ ਉਤਰਿਆ।
ਦੁਨੀਆ ਅੰਦਰ ਬਣ ਦੀਪਕ ਜਿਨ ਆਣ ਉਜਾਲਾ ਕਰਿਆ।
"ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ"।

ਖੇਵਟ ਬਣ ਕੇ ਜਿਸ ਪ੍ਰੀਤਮ ਨੇ ਲਖਾਂ ਪਾਪੀ ਤਾਰੇ।
ਜੋਗੀ ਤਾਰੇ, ਭੋਗੀ ਤਾਰੇ, ਕੋਟਕ ਔਗਣਹਾਰੇ।
ਕਿਤਨੇ ਲਿਖਾਂ, ਗਿਣਾਂ ਮੈਂ ਕਿਤਨੇ, ਜਿਤਨੇ ਪਾਰ ਉਤਾਰੇ।
ਇਤਨੇ ਤਾਰੇ, ਕਿਤਨੇ ? ਜਿਤਨੇ ਵਿਚ ਆਕਾਸ਼ ਨਹੀਂ ਤਾਰੇ।
ਜਿਸ ਜਿਸ ਨੇ ਵੀ ਦਰਸ਼ਨ ਕੀਤਾ, ਤਨ ਮਨ ਉਸ ਦਾ ਠਰਿਆ।
"ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ"।

'ਸਜਣ' ਵਰਗੇ ਠਗ ਵੀ ਤਾਰੇ, 'ਕੌਡੇ' ਜਹੇ ਕਸਾਈ।
ਚੋਰ ਉਧਾਰੇ 'ਭੂਮੀਏ' ਵਰਗੇ, ਤਾਰਿਆ 'ਲਾਲੋ' ਭਾਈ।
'ਰਾਏ ਬੁਲਾਰ' ਦੇ ਸੀਨੇ ਅੰਦਰ ਖਿੱਚ ਅਜਿਹੀ ਪਾਈ,
ਨਿਸ ਦਿਨ ਗਾਵੇ 'ਧੰਨ ਗੁਰੂ ਨਾਨਕ' ਐਸੀ ਮਸਤੀ ਛਾਈ।
ਜੱਟ ਤਾਰਿਆ ਖੇਤ ਚਾਰ ਕੇ ਕੀਤਾ ਹਰਿਆ ਭਰਿਆ।
"ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ"।

ਸਤਿਨਾਮ ਦਾ ਚਕ੍ਰ ਫਿਰਾਇਆ ਚਾਰ ਕੁੰਟ ਵਿਚ ਜਾ ਕੇ।
ਪਾਖੰਡਾਂ ਦਾ ਜਾਲ ਤੋੜਿਆ ਜਗ ਦਾ ਚੱਕਰ ਲਾ ਕੇ।
ਮੱਕੇ ਅੰਦਰ ਚਰਨ ਪੁਜਾਏ, ਗੜ੍ਹ ਬਗਦਾਦ ਨਿਵਾ ਕੇ।
ਉਕਰੇ ਗਏ ਜ਼ੱਰੇ ਜ਼ੱਰੇ ਤੇ, ਚਰਨ ਕੰਵਲ ਦੇ ਖ਼ਾਕੇ।
ਸਤਿਨਾਮ ਦਾ ਦੀਵਾ ਆ ਕੇ ਚੌਰਾਹੇ ਤੇ ਧਰਿਆ।
"ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ"।

ਨੂਰੀ ਨੈਨਾਂ ਵਿਚ 'ਮਿੱਤਰ' ਰਹਿੰਦੀ ਸੀ ਮਸਤੀ ਛਾਈ।
ਬਾਬਰ ਜਹੇ ਜਾਬਰ ਵੀ ਚਰਨੀਂ ਢਠੇ ਹੋ ਸ਼ੈਦਾਈ।
ਹਿੰਦੂ ਮੁਸਲਿਮ ਸਭ ਦਾ ਸਾਂਝਾ, ਆਇਆ ਨੂਰ ਇਲਾਹੀ।
ਸਿੱਖੀ ਦੀ ਗੁਲਜ਼ਾਰ ਖਿੜਾ ਕੇ ਸੋਹਣੀ ਵਾੜੀ ਲਾਈ।
"ਗੁਰੁ ਨਾਨਕੁ ਜਿਨੁ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ"।
"ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ"।



www.AKJ.Org

# ਕੀ ਇਹ ਅਖੰਡ ਕੀਰਤਨ ਹੈ ?

[ਵਲੋਂ:—ਸ: ਮਾਲਕ ਸਿੰਘ ਜੀ, ਜੰਮੂ]

ਅਖੰਡ ਸ਼ਬਦ ਤੋਂ ਅਰਥ ਹੈ ਖੰਡਤਾ ਤੋਂ ਰਹਿਤ, ਕਿਸੇ ਕੰਮ ਨੂੰ ਮਿਥੇ ਸਮੇਂ ਤਕ ਕਰਦੇ ਰਹਿਣਾ। ਜਿਵੇਂ ਅਖੰਡ ਪਾਠ ਕੁਝ ਸਮੇਂ (ਲਗਪਗ ੪੮ ਘੰਟੇ) ਲਈ ਲਗਾਤਾਰ ਕੀਤਾ ਜਾਂਦਾ ਹੈ। ਗੁਰਬਾਣੀ ਦੇ ਲਗਾ-ਤਾਰ ਪੜ੍ਹਨ ਤੋਂ ਸਿਵਾਏ ਹੋਰ ਕੋਈ ਗਲਬਾਤ ਵਿਚਕਾਰ ਨਹੀਂ ਕੀਤੀ ਜਾਂਦੀ। ਅਰੰਭ ਤੋਂ ਅੰਤ ਤਕ ਕਿਸੇ ਪ੍ਰਕਾਰ ਦੀ ਸੂਚਨਾ, ਗੱਲਬਾਤ ਜਾਂ ਐਲਾਨ (ਅਨਾਊਨਸਮੈਂਟ) ਆਦਿ ਕਰਨ ਨਾਲ ਅਖੰਡਪਾਠ ਖੰਡਨ ਸਮਝਿਆ ਜਾਂਦਾ ਹੈ। ਇਸੇ ਤਰ੍ਹਾਂ ਅਖੰਡ ਕੀਰਤਨ ਤੋਂ ਭਾਵ ਹੈ ਇਕ ਮਿਥੇ ਸਮੇਂ ਤਕ ਲਗਾ-ਤਾਰ ਕੀਰਤਨ ਕਰੀ ਜਾਣਾ। ਇਸ ਦੇ ਦੌਰਾਨ ਕਿਸੇ ਤਰ੍ਹਾਂ ਦਾ ਐਲਾਨ, ਰੇਾਗੀ ਸਿੰਘਾਂ ਦੀ ਵਾਰੀ ਦੇ ਨਾਮ ਲੈ ਕੇ ਬੁਲਾਣਾ, ਮਾਇਆ ਦੀ ਅਰਦਾਸ ਕਰਨੀ, ਕਿਸੇ ਸ਼ਬਦ ਦੇ ਅਰਥ ਕਰਨਾ, ਕਥਾ ਜਾਂ ਸ਼ਬਦ ਦੀ ਨਾਲ ਨਾਲ ਵਿਆਖਿਆ ਕਰਨੀ, ਅਖੰਡ ਕੀਰਤਨ ਨੂੰ ਖੰਡਨ ਕਰਨਾ ਹੈ। ਉਹ ਅਖੰਡ ਕੀਰਤਨ ਨਹੀਂ ਕਿਹਾ ਜਾ ਸਕਦਾ। ਅਜਿਹੀ ਉਲੰਘਣਾ ਕਰਨ ਨਾਲ ਜਿਥੇ ਕੀਰਤਨ ਦੀ ਅਖੰਡਤਾ ਨਹੀਂ ਰਹਿੰਦੀ ਉਥੇ ਨਾਲ ਨਾਲ ਸ਼ਬਦ ਸੁਰਤਿ ਵਿਚ ਲਿਵਲੀਨ ਹੋਏ ਗੁਰਮੁਖਾਂ ਨੂੰ ਰਸ ਤੋਂ ਤੋੜਨਾ ਹੈ। ਉਹਨਾਂ ਨੂੰ ਬੇਰਸਾ ਕਰਨਾ ਹੈ। ਰਸ ਵਿਚ ਮਗਨ ਸਰੋਤਿਆਂ ਦੀ ਸੁਰਤੀ ਦਾ ਇਹ ਹਾਲ ਹੁੰਦਾ ਹੈ ਜਿਵੇਂ ਕਿਸੇ ਟਿਕੇ ਹੋਏ ਪਾਣੀ ਵਿਚ ਕੋਈ ਵੱਟਾ ਸੁਟਣ ਨਾਲ ਪਾਣੀ ਵਿਚ ਹਲਚਲ ਮਚ ਜਾਂਦੀ ਹੈ ਅਤੇ ਲਹਿਰਾਂ ਉਠ ਖਲੋਂਦੀਆਂ ਹਨ। ਇਸੇ ਤਰ੍ਹਾਂ ਹੰਸਲੇ ਗੁਰਮੁਖ ਜਨਾਂ ਨੂੰ ਗੁਰਬਾਣੀ ਦੇ ਕੀਰਤਨ-ਪਰਵਾਹ ਮਹਾਨ ਸਾਗਰ ਚੋਂ ਚੁਗ ਰਹੇ ਗੁਰ-ਸ਼ਬਦ ਰੂਪੀ ਮਾਣਕ ਮੋਤੀਆਂ ਤੋਂ ਵਿਛੋੜ ਕੇ ਫੋਕਟ ਗੱਲਾਂ ਬਾਤਾਂ ਦੁਆਰਾ ਉਨ੍ਹਾਂ ਦੀ ਆਤਮਕ ਰੌ ਨੂੰ ਤੋੜਨਾ ਹੈ।

ਕਦੇ ਉਹ ਸਮਾਂ ਸੀ ਜਦ ਕਿ ਕੀਰਤਨੀਆਂ ਦੀ ਵਾਰੀ ਬਦਲਣ ਦੇ ਵਿਚਕਾਰਲੇ ਸਮੇਂ ਵੀ ਕੀਰਤਨ ਦੇ ਰਸ ਨੂੰ ਨਹੀਂ ਸੀ ਟੁਟਣ ਦਿਤਾ ਜਾਂਦਾ ਅਤੇ ਕੀਰਤਨ ਦੀ ਅਖੰਡਤਾ ਨੂੰ ਕਾਇਮ ਰਖਿਆ ਜਾਂਦਾ ਸੀ। ਬੀਬੀਆਂ ਨੂੰ ਕੀਰਤਨ ਲਈ ਬੁਲਾਣ ਵਾਸਤੇ ਅਖੀਰਲੇ ਸ਼ਬਦ ਦੇ ਖ਼ਤਮ ਹੋਣ ਤੋਂ ਪਹਿਲਾਂ ਹੀ ਇਸ਼ਾਰੇ ਨਾਲ ਸਟੇਜ ਤੇ ਸਦ ਲਿਆ ਜਾਂਦਾ ਸੀ। ਕੀਰਤਨੀਆਂ ਲਈ ਕੋਈ ਸਮਾਂ ਨਹੀਂ ਸੀ ਮਿਥਿਆ ਜਾਂਦਾ। ਪ੍ਰੇਮ ਰਸ ਵਿਚ ਜੁਟੇ ਸਹਿਜ ਸੁਭਾਇ ਹੀ ਕੀਰਤਨੀਏ ਸਿੰਘ ਦੀ ਬਦਲੀ ਕਰ ਦਿਤੀ ਜਾਂਦੀ ਸੀ। ਪ੍ਰੇਮ ਤੇ ਰਸ ਨੂੰ ਮੁਖ ਰਖਿਆ ਜਾਂਦਾ ਸੀ। ਕੀਰਤਨ ਨੂੰ ਸਮੇਂ ਦੀ ਹਦ ਤੋਂ ਉਚਾ ਰਖਿਆ ਜਾਂਦਾ ਸੀ। ਰਸ ਵਿਚ ਕੀਰਤਨ ਕਰਨ ਵਾਲੇ ਨੂੰ ਹਟਾ ਕੇ ਵਾਰੀ ਦੇਣ ਲਈ ਬੇਰਸੀਏ ਨੂੰ ਕੀਰਤਨ ਤੇ ਲਾ ਦੇਣਾ ਲੋਕ ਪਚਾਰਾ ਹੀ ਹੈ। ਚਲ ਸੋ ਚਲ ਕਈ ਕਈ ਦਿਨ ਲਗਾਤਾਰ ਕੀਰਤਨ ਹੁੰਦਾ ਰਹਿੰਦਾ ਸੀ, ਪਰ ਮਜਾਲ ਹੈ ਕਿ ਕਿਤੇ ਕੀਰਤਨ ਦੀ ਅਖੰਡਤਾ ਵਿਚ ਭੰਗ ਪਵੇ।

ਪਰ ਇਕ ਹੁਣ ਅਖੰਡ ਕੀਰਤਨ ਹੁੰਦੇ ਹਨ ਜਿਨ੍ਹਾਂ ਵਿਚ ਹਰ ਕੀਰਤਨੀਏ ਨੂੰ ਬੁਲਾਣ ਲਈ ਕੀਰਤਨ ਬੰਦ ਕਰ ਕੇ ਖੁਲ੍ਹੀ ਅਨਾਊਨਸਮੈਂਟ ਕੀਤੀ ਜਾਂਦੀ ਹੈ। ਬੀਬੀਆਂ ਨੂੰ ਬੁਲਾਣ ਲਈ ਅਨਾਊਨਸਮੈਂਟ ਕੀਤੀ ਜਾਂਦੀ ਹੈ। ਇਹ ਵੀ ਅਨਾਊਨਸਮੈਂਟ ਕੀਤੀ ਜਾਂਦੀ ਕਿ ਹੁਣ ਫਲਾਣਾ ਸਿੰਘ ਜਾਂ ਜੱਥਾ ਕੀਰਤਨ ਲਈ ਤਿਆਰ ਹੋ ਜਾਏ। ਇਥੇ ਹੀ ਬਸ ਨਹੀਂ, ਕਈ ਕੀਰਤਨੀਏ ਕੀਰਤਨ ਕਰਦੇ ਕਰਦੇ ਵਿਚ ਸ਼ਬਦਾਂ ਦੇ ਅਰਥ ਵੀ ਕਰਨ ਲਗ ਪਏ ਹਨ, ਜੋ ਕਿ ਨਿਰੋਲ ਮਨਮਤ ਹੈ ਅਤੇ ਆਪ ਹੁਦਰੀ ਪਰਪਾਟੀ ਹੈ। ਆਪਣੀ ਵਿਦਵਤਾ ਜਿਤਲਾਉਣੀ ਹਉਮੈ ਦਾ ਹੀ ਰੂਪ ਹੈ। ਨਾਮ-ਰਸ ਵਿਚ ਜੁੜਿਆਂ ਨੂੰ ਤਾਂ ਗੁਰਬਾਣੀ ਤੋਂ ਬਿਨਾਂ ਦੂਜੀ ਗੱਲ ਭਾਉਂਦੀ ਹੀ ਨਹੀਂ।

ਕੀ ਕੀਰਤਨ ਦੇ ਦੌਰਾਨ ਇਤਨਾ ਕੁਝ ਕਰਨ ਤੋਂ ਬਾਅਦ ਵੀ ਇਹ ਅਖੰਡ ਕੀਰਤਨ ਹੈ? ਜਦ ਕੀਰਤਨ ਦੀ ਅਖੰਡਤਾ ਹੀ ਨਹੀਂ ਰਹੀ ਤਾਂ ਅਖੰਡ



www.AKJ.Org

ਕੀਰਤਨ ਦਾ ਅਰਦਾਸਾ ਕਾਹਦਾ ?

ਦਿਨ-ਬ-ਦਿਨ ਅਖੰਡ ਕੀਰਤਨ ਸਮੇਂ ਭਾਂਤੋ ਭਾਂਤੀ ਐਲਾਨ ਕਰਨ ਦੀ ਇਹ ਪਰਪਾਟੀ ਵਧਦੀ ਜਾ ਰਹੀ ਹੈ। ਕਈ ਜਗ੍ਹਾ ਤਾਂ ਜਥੇਦਾਰ ਸਾਹਿਬਾਨ ਵਲੋਂ ਕੀਰਤਨੀਆਂ ਨੂੰ ਬੁਲਾਣ ਲਈ ਹੂ-ਬ-ਹੂ ਜਿਵੇਂ ਕਵੀ ਸਮੇਲਨ ਅਤੇ ਖੁਲ੍ਹੇ ਸਮਾਗਮਾਂ-ਗੁਰਪੁਰਬਾਂ ਤੇ ਤਾਰੀਫ਼ੀ ਸ਼ਬਦਾਂ ਨੂੰ ਵਰਤ ਕੇ ਬੁਲਾਇਆ ਜਾਂਦਾ ਹੈ ਤਿਵੇਂ ਹੀ ਅਖੰਡ ਕੀਰਤਨ ਦੇ ਦੌਰਾਨ ਕੀਰਤਨੀਆਂ ਨੂੰ ਸੰਬੋਧਨ ਕਰ ਕੇ ਬੁਲਾਇਆ ਜਾਣ ਲਗ ਪਿਆ ਹੈ। ਇਹ ਸਭ ਕੁਝ ਗ਼ਲਤ ਹੈ, ਕੀਰਤਨ ਨੂੰ ਬੇਰਸਾ ਕਰਨਾ ਹੈ ਤੇ ਸੁਰਤੀਆਂ ਨੂੰ ਤੋੜਨਾ ਹੈ।

ਕੀਰਤਨੀ ਖੰਡਤ ਕਰਨ ਦੇ ਨਾਲ ਨਾਲ ਇਕ ਹੋਰ ਬੁਰਾਈ ਜੋ ਦਿਨ-ਬ ਦਿਨ ਵਧਦੀ ਜਾ ਰਹੀ ਹੈ ਉਹ ਇਹ ਹੈ ਕਿ ਕੀਰਤਨੀਏ ਸਿਘਾ ਆਪਣੀ ਆਪਣੀ ਵਾਰੀ ਦੇ ਕੇ ਕੀਰਤਨ-ਅਖਾੜੇ ਚੋਂ ਬਾਹਰ ਚਲੇ ਜਾਂਦੇ ਹਨ। ਜੋ ਥੋੜੀ ਦੇਰ ਬੈਠਦੇ ਵੀ ਹਨ ਤਾਂ ਦੂਜੇ ਕੀਰਤਨੀਆਂ ਦੇ ਪਿਛੇ ਬੋਲਣਾ ਯੋਗ ਨਹੀਂ ਸਮਝਦੇ—ਗਲਾਂ ਖ਼ਰਾਬ ਹੋਣ ਤੋਂ ਡਰਦੇ ਹਨ। ਪਰ ਆਪਣੀ ਵਾਰੀ ਤੇ ਹਰ ਕੀਰਤਨੀਆ ਖ਼ਾਹਿਸ਼ ਰਖਦਾ ਹੈ ਕਿ ਸਭ ਗਜ ਵਜ ਕੇ ਉਸ ਦੇ ਮਗਰ ਬੋਲਣ। ਐਸ ਕਰਨਾ ਯੋਗ ਨਹੀਂ ਹੈ। ਉਹਨਾਂ ਦੀ ਕਰਨੀ ਅਤੇ ਕਥਨੀ ਇਕ ਨਹੀਂ ਕਹਿਲਾ ਸਕਦੀ। ਕੀਰਤਨੀਆਂ ਦੀ ਕਥਨੀ ਅਰ ਕਰਨੀ ਇਕ ਹੋਣੀ ਚਾਹੀਦੀ ਹੈ। ਆਪਣੀ ਵਾਰੀ ਭੁਗਤਾ ਕੇ ਪਿਛੇ ਪੰਡਾਲ ਵਿਚ ਜਾਂ ਕਮਰੇ ਵਿਚ ਜਾ ਕੇ ਸੋਂ ਜਾਣਾ ਬਹੁਤ ਘਾਟੇ ਵਾਲੀ ਗੱਲ ਹੈ। ਅਸਾਂ ਰਲ ਮਿਲ ਕੇ ਕੀਰਤਨ ਕਰਨਾ ਹੈ। ਕੇਵਲ ਕੀਰਤਨ ਕਰਨ ਦਾ ਹੀ ਸ਼ੌਕ ਨਹੀਂ ਹੋਣਾ ਚਾਹੀਦਾ, ਸਗੋਂ ਕਰਨ ਨਾਲੋਂ ਸੁਣਨ ਦਾ ਜ਼ਿਆਦਾ ਚਾਹ ਉਮਾਹ ਹੋਣਾ ਚਾਹੀਦਾ ਹੈ।

ਸੋ ਸਾਨੂੰ ਸਭਨਾਂ ਨੂੰ ਅਤੇ ਖ਼ਾਸ ਕਰ ਕੇ ਪ੍ਰਬੰਧਕਾਂ ਨੂੰ ਉਪਰੋਕਤ ਗੱਲਾਂ ਵਲ ਧਿਆਨ ਦੇਣਾ ਚਾਹੀਦਾ ਹੈ ਤੇ ਦਿਨ-ਬ-ਦਿਨ ਵਧ ਰਹੀਆਂ ਗ਼ਲਤ ਵਾਦੀਆਂ ਨੂੰ ਖ਼ਤਮ ਕਰਨਾ ਚਾਹੀਦਾ ਹੈ। ਕੀਰਤਨ ਦੀ ਅਖੰਡਤਾ ਕਾਇਮ ਰਖਣ ਨਾਲ ਹੀ ਕੀਰਤਨ, ਅਖੰਡ ਕੀਰਤਨ ਕਹਿਲਾ ਸਕਦਾ ਹੈ। ਕੀਰਤਨ ਨਾਲ ਰੂਹਾਂ ਨੂੰ ਨਾਮ-ਰਸ ਨਾਲ ਜੋੜਨਾ ਹੈ, ਨਾ ਕਿ ਜੁੜਿਆਂ ਹੋਇਆਂ ਨੂੰ ਤੋੜਨਾ। ਜੁੜੀਆਂ ਹੋਈਆਂ ਸੁਰਤੀਆਂ ਨੂੰ ਤੋੜਨ ਦਾ ਯਤਨ ਨ ਕੀਤਾ ਜਾਏ। ਅਸੀਂ ਖ਼ੁਦ ਜੁੜਨਾ ਤੇ ਹੋਰਨਾਂ ਨੂੰ ਜੋੜਨਾ ਹੈ।

—o—

# ਭੈਣ ਕਰਤਾਰ ਕੌਰ ਜੀ ਨੂੰ ਪਤੀ-ਵਿਛੋੜਾ

ਸਾਡੇ ਸਤਿਕਾਰ ਯੋਗ ਭੈਣ ਕਰਤਾਰ ਕੌਰ ਜੀ ਰਾਜਿੰਦਰ ਨਗਰ, ਅੰਮ੍ਰਿਤਸਰ ਗੁਰੂ ਮਹਾਰਾਜ ਦੀ ਅਪਾਰ ਬਖ਼ਸ਼ਸ਼ ਦੁਆਰਾ ਆਪਣੀ ਰਹਿਤ ਬਹਿਤ ਵਿਚ ਪਰਪੱਕ ਰਹਿ ਕੇ ਕਾਫ਼ੀ ਸਮੇਂ ਤੋਂ ਗੁਰਸਿਖੀ ਸਿਦਕ ਨਿਭਾ ਰਹੇ ਹਨ ਅਤੇ ਗੁਰਸਿਖ ਸੰਗਤਾਂ ਤੇ ਗੁਰੂ ਕੇ ਲੰਗਰ ਵਿਚ ਅਤੁਟ ਸੇਵਾ ਨਿਭਾਹੁੰਦੇ ਚਲੇ ਆ ਰਹੇ ਹਨ।

ਭੈਣ ਕਰਤਾਰ ਕੌਰ ਜੀ ਦੇ ਪਤੀ ਸ: ਅੱਛਰ ਸਿੰਘ ਜੀ ਦੋ ਤਿੰਨ ਸਾਲਾਂ ਤੋਂ ਸਿੰਘਾਪੁਰ ਤੋਂ ਵਾਪਸ ਦੇਸ ਆ ਗਏ ਅਤੇ ਉਹ ਵੀ ਤਿਆਰ ਬਰ ਤਿਆਰ ਹੋ ਕੇ ਗੁਰਸਿਖ ਸੰਗਤਾਂ ਦੀ ਸੇਵਾ ਵਿਚ ਜੁਟੇ ਰਹੇ। ਪਰ ਅਕਾਲ ਪੁਰਖ ਦੇ ਹੁਕਮ ਆਉਣ ਤੇ 10.10.76 ਨੂੰ ਸ: ਅਛਰ ਸਿੰਘ ਜੀ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਨਮਿਤ 17.10.76 ਨੂੰ ਸ੍ਰੀ ਅਖੰਡ ਪਾਠ ਦੇ ਭੋਗ ਪਏ ਅਤੇ ਕੀਰਤਨ ਸਮਾਗਮ ਹੋਏ। ਸੰਗਤ ਨੇ ਮਿਲ ਕੇ ਅਰਦਾਸ ਕੀਤੀ, ਵਿਛੜੀ ਰੂਹ ਦੀ ਆਤਮਾ ਨੂੰ ਸਤਿਗੁਰੂ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

**ਸਜਣੋ, ਚੰਦਾ ਭੇਜਣ ਸਮੇਂ ਚਿਟ ਨੰਬਰ ਜ਼ਰੂਰ ਲਿਖੋ।**



www.AKJ.Org

# ਪ੍ਰਿਥਮ ਭਗਉਤੀ ਸਿਮਰ ਕੈ

[ਵਲੋਂ:—ਗਿਆਨੀ ਮਹਾਂ ਸਿੰਘ ਜੀ, ਖ਼ਾਲਸਾ ਸਮਾਚਾਰ, ਅੰਮ੍ਰਿਤਸਰ]

## ਇਕ ਚਿਤਾਵਣੀ

ਗਿਆਨੀ ਭਾਗ ਸਿੰਘ ਅੰਬਾਲਾ ਦੀ ਪੁਸਤਕ 'ਦਸਮ ਗ੍ਰੰਥ ਨਿਰਣੈ' ਸਿਖ ਜਨਤਾ ਨੂੰ ਗੁਮਰਾਹ ਕਰਨ ਵਾਲੀ ਹੈ। ਇਸ ਵਿਚ ਆਪਣੀ ਨਿਜ ਮਤ ਦੇ ਅਧਾਰ ਤੇ ਗ਼ਲਤ ਬਿਆਨੀਆਂ ਕੀਤੀਆਂ ਹੋਈਆਂ ਹਨ ਅਤੇ ਦਸਮ ਗ੍ਰੰਥ ਦੀ ਲਗਪਗ ਸਾਰੀ ਬਾਣੀ ਉਤੇ ਉਟੰਕਣ ਕੀਤਾ ਹੋਇਆ ਹੈ। ਜਿਥੇ ਸਿਖ ਜਗਤ ਨੂੰ ਇਸ ਬਾਰੇ ਖ਼ਬਰਦਾਰ ਰਹਿਣਾ ਚਾਹੀਦਾ ਹੈ ਉਥੇ ਪੰਥ ਦੀਆਂ ਧਾਰਮਿਕ ਪਰਮੁਖ ਸੰਸਥਾਵਾਂ ਨੂੰ ਵੀ ਆਪਣੀ ਜ਼ਿਮੇਵਾਰੀ ਦਾ ਅਹਿਸਾਸ ਕਰਦਿਆਂ, ਇਸ ਪੁਸਤਕ ਅਤੇ ਅਜਿਹੀਆਂ ਹੋਰ ਪੁਸਤਕਾਂ ਦੇ ਲੇਖਕਾਂ ਦੀ ਸੋਧ-ਪ੍ਰਬੋਧ ਕਰਨੀ ਚਾਹੀਦੀ ਹੈ। ਅਜਿਹੇ ਗ਼ੈਰ-ਜ਼ਿਮੇਵਾਰ ਪਰਚਾਰ ਅਤੇ ਪਰਚਾਰਕਾਂ ਵਲੋਂ ਕੌਮ ਨੂੰ ਢਾਹ ਲਗ ਰਹੀ ਹੈ ਤੇ ਜੇ ਪਰਮੁਖ ਸੰਸਥਾਵਾਂ ਨੇ ਵੀ ਇਸ ਪੱਖ ਵਿਚ ਲਾਪਰਵਾਹੀ ਵਰਤੀ ਤਾਂ ਇਸ ਦੇ ਸਿੱਟੇ ਗੰਭੀਰ ਨਿਕਲ ਸਕਦੇ ਹਨ, ਜਿਨ੍ਹਾਂ ਦੀ ਜ਼ਿਮੇਵਾਰੀ ਤੋਂ ਸੰਸਥਾਵਾਂ ਵੀ ਨਹੀਂ ਬਚ ਸਕਣਗੀਆਂ।

ਅਸੀਂ ਆਪਣੀ ਅਰਦਾਸ ਹਰ ਰੋਜ਼ ਚੰਡੀ ਦੀ ਵਾਰ ਦੀ ਪਹਿਲੀ ਪਉੜੀ ਤੋਂ ਇਸ ਤਰ੍ਹਾਂ ਆਰੰਭ ਕਰਦੇ ਹਾਂ:—'ਪ੍ਰਿਥਮ ਭਗਉਤੀ ਸਿਮਰ ਕੈ ਗੁਰ ਨਾਨਕ ਲਈ ਧਿਆਇ।' ਜਿਸ ਪਉੜੀ ਵਿਚ ਅਗੇ ਨੌਵੇਂ ਪਾਤਸ਼ਾਹ ਤੱਕ ਪਵਿਤ੍ਰ ਨਾਮ ਤੇ ਉਨ੍ਹਾਂ ਦਾ ਸਿਮਰਨ ਹੈ। ਸਾਡੇ ਪਾਸ ਇਕ ਪੁਸਤਕ ਪਹੁੰਚੀ ਹੈ ਜਿਸ ਵਿਚ ਦਸਮ ਗ੍ਰੰਥ ਦੀਆਂ ਲਗ ਪਗ ਸਾਰੀਆਂ ਬਾਣੀਆਂ ਪਰ ਟੀਕਾ ਟਿੱਪਣੀ ਕੀਤੀ ਤੇ ਸਿਰਫ ਦੋ ਤ੍ਰੈ ਬਾਣੀਆਂ ਨੂੰ ਗੁਰੂ ਕ੍ਰਿਤ ਦੱਸ ਕੇ ਬਾਕੀ ਸਭ ਨੂੰ ਪਰ-ਕ੍ਰਿਤ ਦੱਸਿਆ ਹੈ। ਇਸ ਪੁਸਤਕ ਦੇ ਲੇਖਕ ਹਨ ਗਿਆਨੀ ਭਾਗ ਸਿੰਘ ਜੀ ਅੰਬਾਲਾ। ਅਸੀਂ ਇਸ ਲੇਖ ਵਿਚ ਹਾਲੇ ਚੰਡੀ ਦੀ ਵਾਰ ਦੀ ਪਹਿਲੀ ਪਉੜੀ ਪਰ ਹੀ ਆਪਣੇ ਵੀਚਾਰ ਪ੍ਰਗਟ ਕਰਦੇ ਹਾਂ, ਕਿਉਂਕਿ ਇਹ ਪਉੜੀ ਸਾਡੀ ਨਿੱਤ ਦੀ ਅਰਦਾਸ ਦਾ ਆਰੰਭ ਹੈ।

ਉਕਤ ਪੁਸਤਕ ਦੇ ਲੇਖਕ ਗਿਆਨੀ ਜੀ ਦਾ ਵਡਾ ਇਤਰਾਜ਼ 'ਭਗਉਤੀ' ਪਦ ਪਰ ਹੈ, ਓਹ ਜੋ ਕਹਿੰਦੇ ਹਨ ਉਸਦਾ ਭਾਵ ਹੈ ਕਿ 'ਭਗਉਤੀ' ਪਦ ਦਾ ਅਰਥ 'ਦੁਰਗਾ' ਹੈ, ਸਿੱਖ ਦੁਰਗਾ ਪੂਜਕ ਨਹੀਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੀ ਦੁਰਗਾ ਪੂਜਕ ਨਹੀਂ ਸਨ, ਇਸ ਲਈ ਇਹ ਵਾਰ ਉਨ੍ਹਾਂ ਦੀ ਰਚੀ ਹੋਈ ਨਹੀਂ। ਸੋ ਅਰਦਾਸ ਵਿਚ ਪ੍ਰਿਥਮ ਭਗਉਤੀ ਸਿਮਰ ਕੇ ਕਹਿਣਾ ਅਨੁਚਿਤ ਹੈ। ਓਹ ਇਹ ਬੀ ਮੰਨਦੇ ਹਨ ਕਿ 'ਭਗਉਤੀ' ਪਦ ਦੇ ਅਰਥ 'ਤਲਵਾਰ' ਬੀ ਹਨ, ਜੋ ਇਸੇ ਵਾਰ ਦੀ ਪੜਵੀਂ ਪਉੜੀ ਵਿਚ ਵਰਤੇ ਹਨ, ਪਰ ਆਪ ਓਹ ਸਿਰਫ 'ਦੁਰਗਾ' ਅਰਥ ਪਰ ਦ੍ਰਿੜ੍ਹ ਹਨ।

ਭਗਉਤੀ ਪਦ ਦੇ ਕੋਸ਼ ਅਰਥ ਕੀ ਕੀ ਹਨ? ਆਓ ਜ਼ਰਾ ਦੇਖੀਏ।

ਭਾਈ ਕਾਹਨ ਸਿੰਘ ਜੀ ਰਚਿਤ 'ਮਹਾਨ ਕੋਸ਼' ਵਿਚ 'ਭਗਉਤੀ' ਪਦ ਦੇ ਛੇ ਅਰਥ ਕੀਤੇ ਹਨ, ਤਰਤੀਬ ਵਾਰ:—

੧. ਭਗਵਤ ਭਗਤ, ਕਰਤਾਰ ਦਾ ਉਪਾਸ਼ਕ।

੨. ਭਗਵਤ ਦੀ (ਕਰਤਾਰ ਦੀ) ਯਥਾ—'ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ।'

੩. ਭਗਵਤੀ, ਦੁਰਗਾ।

੪. ਖੜਗ, ਸ੍ਰੀ ਸਾਹਿਬ, ਤਲਵਾਰ, ਯਥਾ—'ਲਈ ਭਗਉਤੀ ਦੁਰਗ ਸ਼ਾਹ......'

ਤਥਾ—'ਨਾਉ ਭਗਉਤੀ ਲੋਹ ਘੜਾਇਆ।'

[ਭਾ: ਗੁਰਦਾਸ ਵਾਰ ੨੫—੨੬

੫. ਮਹਾਂ ਕਾਲ। ਤੁਕ ਵਿਚ ਇਸ਼ਾਰਾ ਦਿੱਤਾ ਹੈ ਜਿਸਦਾ ਭਾਵ ਹੈ ਕਿ ਬਚਿੱਤ੍ਰ ਨਾਟਕ ਦੇ ਪਹਿਲੇ ਅਧਯਾਯ ਵਿਚ ਜਿਸ ਮਹਾਂ ਕਾਲ ਦਾ ਰੂਪ ਵਰਣਨ ਤੇ ਸਿਫ਼ਤ ਸਲਾਹ ਕੀਤੀ ਹੈ, ਜਿਸ ਨੂੰ 'ਜੈ ਤੇਗੰ'



www.AKJ.Org

ਕਿਹਾ ਹੈ।

੬. ਇਕ ਛੰਦ।

ਕਈ ਅਨੇਕ-ਆਰਥੀ ਪਦ ਹੁੰਦੇ ਹਨ, ਉਨ੍ਹਾਂ ਦੇ ਅੱਡ ਅੱਡ ਥਾਂਵੇਂ ਅੱਡ ਅੱਡ ਅਰਥ ਲਗਦੇ ਹਨ, ਉਨ੍ਹਾਂ ਵਿਚੋਂ ਕਿਸੇ ਇਕ ਅਰਥ ਤੇ ਹੀ ਹਠ ਕਰਨਾ ਕਿ ਹਰ ਥਾਂਵੇਂ ਇਹੋ ਹੀ ਲਗਦਾ ਹੈ, ਠੀਕ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੀ 'ਭਗਉਤੀ' ਪਦ ਕਈ ਥਾਂਈਂ ਆਇਆ ਹੈ ਤੇ ਸਾਡਾ ਖਿਆਲ ਹੈ ਕਿ ਓਥੇ ਕਿਸੇ ਇਕ ਥਾਂ ਬੀ ਉਸ ਦਾ ਅਰਥ ਦੁਰਗਾ ਨਹੀਂ ਲਗਦਾ। ਸ੍ਰੀ ਗੁਰੂ ਗ੍ਰੰਥ ਕੋਸ਼ ਵਿਚ ਇਸ ਦੇ ਤਿੰਨ ਅਰਥ ਕੀਤੇ ਗਏ ਹਨ:—

੧. ਪੂਜਾ ਯੋਗ, ਆਦਰਯੋਗ, ਭਗਵਾਨ।

੨. ਇਕ ਪੰਥ ਦਾ ਨਾਮ, ਵੈਸ਼ਨਵ ਜੋ ਭਗਵਤ ਪਰਾਇਣ ਹੋਵੇ। ਯਥਾ, ਐਸਾ ਭਗਉਤੀ ਭਗਵੰਤ ਕਉ ਪਾਵੈ।'

੩. ਉਪਾਸਨਾ ਕਰਨ ਵਾਲਾ, ਭਗਤੀ ਕਰਨ ਵਾਲਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਹੋਰ ਪਦ 'ਭਾਗਉਤ' ਆਇਆ ਹੈ, ਉਸ ਦਾ ਅਰਥ ਬੀ ਹੈ:— ੧. ਭਗਵੰਤ, ਵਾਹਿਗੁਰੂ, ਯਥਾ, ਭਗਤਿ ਭਾਗਉਤ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ।" ਪਰਮੇਸ਼ਰ ਦੀ ਭਗਤੀ ਲਿਖੀਦੀ ਹੈ ਕਾਗਜ਼ ਉਪਰ ਤਾਂ ਉਸ ਕਾਗਜ਼ ਨੂੰ ਨਮਸਕਾਰਾਂ ਕਰ ਕੇ ਪੂਜੀਦਾ ਹੈ।

ਪਰ ਗਿਆਨੀ ਜੀ ਇਸ ਹਠ ਪਰ ਹਨ ਕਿ ਚੰਡੀ ਦੀ ਵਾਰ ਦੀ ਪਹਿਲੀ ਪਉੜੀ ਦੀ ਪਹਿਲੀ ਤੁਕ ਵਿਚ ਅਰਥ ਅਕਾਲ ਪੁਰਖ ਯਾ ਪਰਮੇਸ਼ਵਰ ਨਹੀਂ ਲਗਦਾ, ਇਹ ਕੇਵਲ ਦੁਰਗਾ ਪਦ ਦਾ ਵਾਚਕ ਹੈ ਤੇ ਦੁਰਗਾ ਸਿਖਾਂ ਦਾ ਪੂਜਯ ਨਹੀਂ। ਇਸ ਲਈ ਇਹ ਚੰਡੀ ਦੀ ਵਾਰ ਕਲਗੀਧਰ ਪਾਤਸ਼ਾਹ ਦੀ ਰਚੀ ਨਹੀਂ, ਇਹ ਕਿਸੇ ਸ਼ਾਕਤਕ ਕਵੀ ਦੀ ਰਚਨਾ ਹੈ। ਕਿਸ ਕਵੀ ਦੀ ਹੈ? ਓਹ ਨਾਮ ਨਹੀਂ ਦੱਸ ਸਕੇ। ਸਤਿਗੁਰੂ ਦੇ ਹਜ਼ੂਰ ਬਵੰਜਾ ਕਵੀ ਰਹਿੰਦੇ ਸਨ।

ਸੋਚਣ ਵਾਲੀ ਗੱਲ ਹੈ ਕਿ ਇਸ ਪਉੜੀ ਵਿਚ ਕੇਵਲ ਨੌਂ ਗੁਰੂ ਸਾਹਿਬਾਂ ਦੇ ਪਵਿਤ੍ਰ ਨਾਮ ਲੈ ਕੇ ਸਿਮਰਨ ਕੀਤਾ ਗਿਆ ਹੈ। ਦਸਵੇਂ ਪਾਤਸ਼ਾਹ ਦਾ ਨਾਮ ਨਹੀਂ ਲੀਤਾ ਗਿਆ। ਗੁਰੂ ਜੀ ਦੇ ਹਜ਼ੂਰੀ ਕਵੀ ਕਲਗੀਧਰ ਪਾਤਸ਼ਾਹ ਦੀ ਮੁਕਤ ਕੰਠ ਮਹਿਮਾ ਕਰਦੇ ਰਹੇ ਹਨ, ਜਿਨ੍ਹਾਂ ਦੇ ਛੰਦ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਮੌਜੂਦ ਹਨ। ਓਹ ਕਵੀ ਇਹ ਬੀ ਜਾਣਦੇ ਸਨ ਕਿ ਕਲਗੀਧਰ ਪਾਤਸ਼ਾਹ ਗੁਰੂ ਨਾਨਕ ਦਾ ਦਸਵਾਂ ਸਰੂਪ ਹਨ ਤੇ ਉਨ੍ਹਾਂ ਦੀ ਗਦੀ ਪਰ ਬਿਰਾਜਮਾਨ ਹਨ। ਫੇਰ ਇਸ ਪਉੜੀ ਵਿਚ ਦਸਵੇਂ ਪਾਤਸ਼ਾਹ ਦਾ ਪਾਵਨ ਨਾਮ ਕਿਉਂ ਨਹੀਂ? ਜੇ ਕਿਸੇ ਕਵੀ ਦੀ ਰਚਨਾ ਹੁੰਦੀ ਤਾਂ ਇਸ ਪਉੜੀ ਵਿਚ ਜ਼ਰੂਰ ਦਸਮੇਸ਼ ਪਾਤਸ਼ਾਹ ਜੀ ਦਾ ਨਾਮ ਬੀ ਸ਼ਾਮਲ ਹੁੰਦਾ। ਦਸਮੇਸ਼ ਜੀ ਦਾ ਪਵਿਤ੍ਰ ਨਾਮ ਇਸ ਪਉੜੀ ਵਿਚ ਨਾ ਹੋਣਾ ਸਾਬਤ ਕਰਦਾ ਹੈ ਕਿ ਇਹ ਰਚਨਾ ਕਲਗੀਧਰ ਪਾਤਸ਼ਾਹ ਜੀ ਦੀ ਆਪਣੀ ਹੈ, ਉਨ੍ਹਾਂ ਨੇ ਆਪਣੇ ਤੋਂ ਪਹਿਲੇ ਨੌਂ ਗੁਰੂ ਸਾਹਿਬਾਂ ਦਾ ਤਾਂ ਸਿਮਰਨ ਕੀਤਾ ਹੈ ਤੇ ਆਪਣਾ ਨਾਮ ਨਿਰਮਾਣਤਾ ਯਾ ਕਸਰੇ ਨਫ਼ਸੀ ਦੇ ਕਾਰਨ ਨਹੀਂ ਸ਼ਾਮਲ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੀ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਂ ਨੂੰ ਗੁਰੂ ਸਾਹਿਬ ਆਪ ਸਿਮਰਦੇ ਰਹੇ ਹਨ। ਸੁਖਮਨੀ ਸਾਹਿਬ ਦੇ ਆਦਿ ਵਿਚ ਪੰਚਮ ਪਾਤਸ਼ਾਹ ਜੀ ਨੇ ਪਹਿਲੇ ਚਾਰ ਸਤਿਗੁਰਾਂ ਦਾ ਮੰਗਲ ਕੀਤਾ ਹੈ:—

ਆਦਿ ਗੁਰਏ ਨਮਹ ॥ ਜੁਗਾਦਿ ਗੁਰਏ
ਨਮਹ ॥ ਸਤਿ ਗੁਰਏ ਨਮਹ ॥ ਸ੍ਰੀ ਗੁਰਦੇਵ
ਏ ਨਮਹ ॥

ਫੇਰ ਇਹ ਬੀ ਪੰਚਮ ਪਾਤਸ਼ਾਹ ਜੀ ਨੇ ਫੁਰਮਾਇਆ ਹੈ: 'ਗੁਰੁ ਨਾਨਕ ਦੇਵ ਗੋਵਿੰਦ ਰੂਪ ॥' ਅਤੇ 'ਸਭ ਤੇ ਵਡਾ ਸਤਿਗੁਰ ਨਾਨਕ ਜਿਨ ਕਲਿ ਰਾਖੀ ਮੇਰੀ।'

ਦੂਜੇ ਪਾਸੇ ਹੋਰ ਕਵੀਆਂ ਭਟਾਂ ਦੀ ਬਾਣੀ ਤੱਕੋ, ਉਸ ਵਿਚ ਪੰਜਾਂ ਹੀ ਸਤਿਗੁਰਾਂ ਦੀ ਸਿਫ਼ਤ ਸਲਾਹ ਹੈ। ਭਾਈ ਗੁਰਦਾਸ ਜੀ ਨੇ ਛੀਆਂ ਹੀ ਸਤਿਗੁਰਾਂ ਦੀ ਮਹਿਮਾ ਕੀਤੀ ਹੈ। ਇਹ ਫ਼ਰਕ ਸਪੱਸ਼ਟ ਹੈ ਗੁਰੂ ਕ੍ਰਿਤ ਬਾਣੀ ਦਾ ਤੇ ਹੋਰਨਾਂ ਕਵੀਆਂ ਦੀ ਰਚਨਾ ਦਾ।

ਗਿਆਨੀ ਜੀ ਦੱਸਦੇ ਹਨ ਕਿ ਭਸੌੜ ਸਿੰਘ ਸਭਾ ਨੇ 'ਭਗਉਤੀ ਦੀ ਥਾਵੇਂ 'ਸਤਿਨਾਮ' ਪਦ ਰਖ ਕੇ 'ਪ੍ਰਿਥਮ ਸਤਿਨਾਮ ਸਿਮਰ ਕੇ ਗੁਰ ਨਾਨਕ ਲਈ ਧਿਆਇ' ਅਰਦਾਸ ਬਣਾਈ ਸੀ। ਸੋਚਣ ਵਾਲੀ



www.AKJ.Org

ਗੱਲ ਹੈ ਕਿ ਕਿਸੇ ਕਵੀ ਦੀ ਰਚਨਾ ਦੀ ਇਕ ਪਉੜੀ ਜੋ ਵਿਤੰਡਾਵਾਦੀ ਮਤਰੂਕ ਸਮਝਦੇ ਹਨ, ਕੀ ਇਕ ਲਫ਼ਜ਼ ਬਦਲ ਕੇ ਬਾਕੀ ਵਰਤ ਲੈਣ ਨਾਲ ਇਹ ਪਉੜੀ ਮਤਰੂਕ ਨਹੀਂ ਰਹਿੰਦੀ ? ਜਦ ਚੰਡੀ ਦੀ ਵਾਰ ਗੁਰੂ ਕ੍ਰਿਤ ਨਹੀਂ ਤੇ ਕਿਸੇ ਸ਼ਾਕਤਕ ਕਵੀ ਦੀ ਰਚਨਾ ਹੈ ਤਾਂ ਕੀ ਇਹ ਅਰਦਾਸ ਵਿਚ ਵਰਤਣੀ ਜਾਇਜ਼ ਹੈ ? ਜੇ ਨਹੀਂ ਤੇ ਸਾਰੀ ਪਉੜੀ ਛਡਣੀ ਹੈ ਤਾਂ ਫਿਰ ਅਰਦਾਸ ਦੀ ਕੀ ਸ਼ਕਲ ਹੋਵੇਗੀ ਤੇ ਗੁਰੂ ਸਾਹਿਬਾਂ ਦੇ ਪਾਵਨ ਨਾਮ ਸਿਮਰਨ ਲਈ ਕਿਸ ਰਚਨਾ ਦਾ ਆਸਰਾ ਲਿਆ ਜਾਏਗਾ ? ਗਿਆਨੀ ਜੀ ਨੇ ਆਪਣੇ ਲੇਖ ਵਿਚ ਸਪੱਸ਼ਟ ਨਹੀਂ ਕੀਤਾ ਕਿ ਉਹ ਅਰਦਾਸ ਵਿਚੋਂ ਸਿਰਫ 'ਭਗਉਤੀ' ਲਫ਼ਜ਼ ਹੀ ਉਡਾਉਣਾ ਚਾਹੁੰਦੇ ਹਨ ਕਿ ਸਾਰੀ ਪਉੜੀ ? ਜੇ ਸਾਰੀ ਪਉੜੀ ਤਾਂ ਉਹ ਹੁਣ ਅਰਦਾਸ ਦਾ ਕੀ ਰੂਪ ਖਾਲਸੇ ਵਿਚ ਪ੍ਰਵਿਰਤ ਕਰਨਾ ਚਾਹੁੰਦੇ ਹਨ ਯਾ ਸਿਖੀ ਵਿਚੋਂ ਅਰਦਾਸ ਦੀ ਪ੍ਰਥਾ ਹੀ ਖ਼ਤਮ ਕਰਨਾ ਚਾਹੁੰਦੇ ਹਨ ?

ਫੇਰ ਇਹ ਅਰਦਾਸ ਅਜ ਦੀ ਨਹੀਂ ਬਣੀ ਹੋਈ, ਜਿਸ ਦੇ ਮੁੱਢ ਵਿਚ ਚੰਡੀ ਦੀ ਵਾਰ ਦੀ ਪਹਿਲੀ ਪਉੜੀ ਰੱਖੀ ਹੋਈ ਹੈ । ਇਹ ਦਸਮ ਪਾਤਸ਼ਾਹ ਜੀ ਦੇ ਸਮੇਂ ਦੀ ਹੀ ਬਣੀ ਤੇ ਗੁਰੂ ਦੇ ਚਰਨਾਂ ਦੇ ਭਉਰੇ ਕੁਰਬਾਨੀ ਦੇ ਪੁੰਜ ਖਾਲਸੇ ਨੇ ਗੁਰੂ ਕ੍ਰਿਤ ਬਾਣੀ ਦੀ ਪਉੜੀ ਲੈ ਕੇ ਆਪਣੀ ਅਰਦਾਸ ਵਿਚ ਪਰਮ ਪਵਿਤ੍ਰ ਰਚਨਾ ਜਾਣ ਕੇ ਰਖਣ ਵਿਚ ਸੁਭਾਗਤਾ ਪ੍ਰਤੀਤ ਕੀਤੀ ਹੈ । ਕੋਈ ਇਤਿਹਾਸ ਇਸਨੂੰ ਮਗਰੋਂ ਦੀ ਬਾਣੀ ਸਿਧ ਕਰਦਾ ਹੋਵੇ, ਸਾਡੀ ਨਜ਼ਰੋਂ ਨਹੀਂ ਲੰਘਿਆ । ਜੇ ਇਹ ਕਲਗੀਧਰ ਪਾਤਸ਼ਾਹ ਦੀ ਰਚਨਾ ਨਾ ਹੁੰਦੀ ਤਾਂ ਸਿਖ ਕਦੀ ਇਸ ਨੂੰ ਆਪਣੀ ਨਿਤ ਦੀ ਅਰਦਾਸ ਦੇ ਮੁਹਰੇ ਨਾ ਰਖਦੇ । 14.10.76

---

## ਫ਼ਿਰੋਜ਼ਪੁਰ ਸ਼ਹਿਰ ਵਿਖੇ ਰੈਣ ਸਬਾਈ ਕੀਰਤਨ

ਸ: ਦਲੀਪ ਸਿੰਘ ਜੀ ਪ੍ਰਿੰਸੀਪਲ ਆਈ. ਟੀ. ਆਈ. ਫ਼ਿਰੋਜ਼ਪੁਰ ਸ਼ਹਿਰ ਦੀ ਕੋਠੀ ਵਿਖੇ ੨੦ ਨਵੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਇਹ ਅਸਥਾਨ ਮਿਊਂਸੀਪਲ ਕਮੇਟੀ ਅਤੇ ਰਾਜਾ ਟਾਕੀਜ਼ ਦੇ ਦਰਮਿਆਨ ਹੈ । ਸਮੂਹ ਸੰਗਤਾਂ ਦਰਸ਼ਨ ਦੀਦਾਰੇ ਬਖਸ਼ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ।

ਪੁਛ ਗਿਛ—ਬਲਵੰਤ ਸਿੰਘ ਖਾਲਸਾ, ਗਲੀ ਨੰ: ੨, ਮਕਾਨ ਨੰ: ੩੯-*B*, ਕਾਂਸ਼ੀ ਨਗਰੀ ਫ਼ੀਰੋਜ਼ਪੁਰ ਸ਼ਹਿਰ

---

## ਸਿਖ ਧਰਮ ਵਿਚ ਸ਼ਰਾਬ ਤੇ ਮਾਸ

ਸਰਦਾਰ ਜੇ. ਪੀ. ਸੰਗਤ ਸਿੰਘ ਜੀ ਬੰਬਈ ਵਾਲਿਆਂ ਦੀ ਉਪਰੋਕਤ ਵਿਸ਼ੇ ਤੇ ਕਈ ਲੇਖ ਸੂਰਾ' ਪੱਤਰ ਵਿਚ ਛੱਪਦੇ ਆ ਰਹੇ ਹਨ । ਹੁਣ ਇਸ ਨਾਂ ਦੀ ਪੁਸਤਕ ਬੜੀ ਖੋਜ ਪੜਤਾਲ ਕੇ ਗੁਰਬਾਣੀ ਤੇ ਗੁਰ ਇਤਿਹਾਸ ਦੇ ਆਧਾਰ ਤੇ ਉਨ੍ਹਾਂ ਵਲੋਂ ਮੁਕੰਮਲ ਕੀਤੀ ਗਈ ਹੈ । ਇਹ ਦੋ ਸੌ ਤੋਂ ਵਧ ਸਫ਼ਿਆਂ ਦੀ ਪੁਸਤਕ ਛੇਤੀ ਹੀ ਛਪ ਰਹੀ ਹੈ । ਭੇਟਾ ਕੇਵਲ ਲਾਗਤ ਮਾਤਰ ਹੀ ਰਖੀ ਜਾਵੇਗੀ । ਹਰੇਕ ਸ਼ਹਿਰ ਦੀਆਂ ਗੁਰਸਿਖ ਸੰਗਤਾਂ ਆਪਣੀ ਲੋੜ ਵਾਸਤੇ ਅਤੇ ਵੰਡਣ ਵਾਸਤੇ ਜਿੰਨੀਆਂ ਜਿੰਨੀਆਂ ਕਾਪੀਆਂ ਮੰਗਵਾਣਾ ਚਾਹੁਣ, ਪਹਿਲਾਂ ਹੀ ਹੇਠ ਲਿਖੇ ਪਤੇ ਤੇ ਲਿਖ ਭੇਜਣ, ਤਾਕਿ ਉਸ ਲੋੜ ਮੂਜਬ ਵਧ ਤੋਂ ਵਧ ਪੁਸਤਕ ਛਪਵਾਈ ਜਾ ਸਕੇ ।

**ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**

---

## ਗੁਰਮਤਿ ਨਾਮ ਅਭਿਆਸ ਕਮਾਈ

ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਉਪਰੋਕਤ ਪੁਸਤਕ ਵਡੇ ਸਾਈਜ਼ ਵਿਚ ਬਹੁਤ ਸੁੰਦਰ ਰੂਪ ਵਿਚ ਨਵੀਂ ਐਡੀਸ਼ਨ ਛਪ ਗਈ ਹੈ । ਇਸ ਪੁਸਤਕ ਵਿਚ ਨਾਮ ਸੰਬੰਧੀ ਅਨੇਕਾਂ ਵਿਸ਼ਿਆਂ ਬਾਰੇ ਵੇਖੇ ਪਰਖੇ ਸਿਧਾਂਤਾਂ ਦੀ ਵਿਆਖਿਆ ਹੈ, ਜੋ ਜਗਿਆਸੂ ਨੂੰ ਪਰਮਾਰਥ ਲਈ ਬਹੁਤ ਹੀ ਸਹਾਇਕ ਹਨ ।

ਜਿਲਦ ਸਮੇਤ ਭੇਟਾ ੪-੫੦ ਸਾਰੀ ਜਿਲਦ ਕਪੜਾ ੬—੫੦

ਇਸ ਤੋਂ ਪਿਛੋਂ "ਜੇਲ੍ਹ ਚਿਠੀਆਂ" ਅਤੇ "ਅਣਡਿਠੀ ਦੁਨੀਆ" ਛੇਤੀ ਹੀ ਛਾਪਣ ਦਾ ਪਰਬੰਧ ਹੋ ਰਿਹਾ ਹੈ ।

www.AKJ.Org

# ਕੀਰਤਨ ਦਰਬਾਰ ?

ਪਿਛਲੇ ਦੋ ਤਿੰਨ ਸਾਲਾਂ ਤੋਂ ਕੀਰਤਨ ਦਰਬਾਰ ਕਰਨ ਦਾ ਰਿਵਾਜ ਜਿਹਾ ਚਲ ਪਿਆ ਹੈ। ਅਰੰਭ ਵਿਚ ਕੀਰਤਨ ਦਰਬਾਰ ਕੁਝ ਚੰਗੇਰੇ ਢੰਗ ਨਾਲ ਕੀਤੇ ਗਏ, ਜਿਸ ਤੋਂ ਕੀਰਤਨ-ਪ੍ਰੇਮੀਆਂ ਨੂੰ ਬਹੁਤ ਖ਼ੁਸ਼ੀ ਹੋਈ ਕਿ ਇਸ ਨਵੀਂ ਲਹਿਰ ਦੁਆਰਾ ਗੁਰਬਾਣੀ ਦਾ ਪਰਚਾਰ ਚੰਗੇਰੇ ਢੰਗ ਨਾਲ ਹੁੰਦਾ ਰਵ੍ਹੇਗਾ, ਪਰ ਇਸ ਪ੍ਰਥਾ ਦਾ ਕੋਈ ਉਸਾਰੂ ਨਤੀਜਾ ਨਹੀਂ ਨਿਕਲਿਆ। ਕੀਰਤਨ ਦਰਬਾਰਾਂ ਉਤੇ ਜਿੰਨਾ ਖ਼ਰਚ ਕੀਤਾ ਜਾਂਦਾ ਹੈ, ਇਸ ਦੁਆਰਾ ਗੁਰਬਾਣੀ ਦਾ ਪਰਚਾਰ ਮੂਲੋਂ ਨਹੀਂ ਹੋ ਰਿਹਾ। ਕਾਰਨ ?

(ੳ) ਕੀਰਤਨ ਦਰਬਾਰ ਦਾ ਸਮਾਂ ਜ਼ਿਆਦਾ ਤੋਂ ਜ਼ਿਆਦਾ ਛੇ ਘੰਟਿਆਂ ਦਾ ਹੁੰਦਾ ਹੈ। ਇਕ ਇਕ ਰਾਗੀ ਜੱਥੇ ਦੇ ਹਿਸੇ ਅਧੇ ਪੌਣੇ ਘੰਟੇ ਤੋਂ ਜ਼ਿਆਦਾ ਸਮਾਂ ਨਹੀਂ ਆਉਂਦਾ। ਏਨੇ ਥੋੜੇ ਸਮੇਂ ਲਈ ਇਕ ਇਕ ਰਾਗੀ ਜੱਥੇ ਨੂੰ ਤਕੜੇ ਮਾਇਆ ਦੇ ਗਫੇ ਦਿਤੇ ਜਾਂਦੇ ਹਨ। ਕੀਰਤਨ ਦੀ ਸੇਵਾ ਲਈ ਮਾਇਆ ਦਿਤੇ ਜਾਣ ਬਾਰੇ ਤਾਂ ਇਤਰਾਜ਼ ਦੀ ਗੱਲ ਨਹੀਂ। ਗੱਲ ਤਾਂ ਇਹ ਹੈ ਕਿ ਖਰਚੇ ਦੇ ਮੁਕਾਬਲੇ ਤੇ ਲਾਭ ਐਵੇਂ ਨਾਮ ਮਾਤਰ ਹੀ ਹੁੰਦਾ ਹੈ।

ਇਸ ਨਾਲੋਂ ਚੰਗਾ ਹੋਵੇ ਜੇ ਏਨਿਆਂ ਹੀ ਜੱਥਿਆਂ ਨੂੰ ਇਕ ਇਕ ਕਰਕੇ ਬੁਲਾਇਆ ਜਾਵੇ। ਏਨੀ ਹੀ ਮਾਇਆ ਖ਼ਰਚ ਕਰ ਕੇ ਉਸ ਪਾਸੋਂ ਕੁਝ ਦਿਨ ਸਵੇਰੇ ਸ਼ਾਮ ਕੀਰਤਨ ਦੀ ਸੇਵਾ ਪ੍ਰਾਪਤ ਕੀਤੀ ਜਾਵੇ। ਫਿਰ ਦੂਜਾ ਜੱਥਾ ਬੁਲਾ ਕੇ ਉਸ ਪਾਸੋਂ ਕੀਰਤਨ ਦਾ ਅਨੰਦ ਮਾਣਿਆ ਜਾਵੇ। ਇਸ ਨਾਲ ਲਾਭ ਇਹ ਹੋਵੇਗਾ ਕਿ ਓਨੀ ਹੀ ਮਾਇਆ ਨਾਲ ਕੀਰਤਨ-ਪ੍ਰੋਗਰਾਮ ਜ਼ਿਆਦਾ ਦੇਰ ਤਕ ਚਲ ਸਕੇਗਾ ਅਤੇ ਕੀਰਤਨ ਕਰਨ ਤੇ ਸੁਣਨਹਾਰਿਆਂ ਸਾਰਿਆਂ ਵਿਚ ਰਹੱਸ ਬਣ ਆਵੇਗਾ ਅਤੇ ਇਸ ਤਰ੍ਹਾਂ ਪ੍ਰਬੰਧਕਾਂ ਦੀ ਘਾਲ ਵੀ ਸਫਲੀ ਹੋ ਸਕੇਗੀ।

(ਅ) ਅਜ ਕਲ ਦੇਖਣ ਵਿਚ ਆ ਰਿਹਾ ਹੈ ਕਿ ਕੀਰਤਨ-ਦਰਬਾਰ ਗੁਰਦਵਾਰਾ ਸਾਹਿਬਾਨ ਦੀ ਬਜਾਏ ਬਾਹਰ ਹੋਰ ਥਾਵਾਂ ਤੇ ਕੀਤੇ ਜਾਂਦੇ ਹਨ। ਗੁਰਦਵਾਰਾ ਸਾਹਿਬਾਂ ਵਿਚ ਐਨੀ ਮਾਇਆ ਖ਼ਰਚ ਕਰ ਕੇ ਬਣਾਏ ਹਾਲਾਂ ਨੂੰ ਛਡ ਕੇ, ਬਾਹਰ ਐਨੀਆਂ ਵਡੀਆਂ ਰਕਮਾਂ ਖ਼ਰਚ ਕੇ ਪੰਡਾਲਾਂ ਦਾ ਪ੍ਰਬੰਧ ਕਰਨਾ ਇਕ ਪਾਸੇ ਤਾਂ ਸੰਗਤਾਂ ਦੀ ਗਾੜ੍ਹੇ ਪਸੀਨੇ ਦੀ ਸੁਚੀ ਕਿਰਤ ਦੇ ਪੈਸਿਆਂ ਨੂੰ ਜ਼ਾਇਆ ਕਰਨਾ ਹੁੰਦਾ ਹੈ ਅਤੇ ਦੂਜੇ ਪਾਸੇ ਗੁਰਦਵਾਰਾ ਸਾਹਿਬਾਂ ਦੀ ਮਹੱਤਤਾ ਘਟਾਉਣਾ। **ਗੁਰਦਵਾਰਾ ਸਾਹਿਬਾਂ ਵਿਚ ਚੌਵੀ ਘੰਟੇ ਨਾਮ ਬਾਣੀ ਦੇ ਪਰਵਾਹ ਚਲਦੇ ਰਹਿਣ ਕਾਰਨ ਓਥੋਂ ਦਾ ਵਾਤਾਵਰਨ ਪਵਿੱਤਰ ਹੋਇਆ ਹੁੰਦਾ ਹੈ ਅਤੇ ਓਥੇ ਸ੍ਰੋਤਿਆਂ ਦੀ ਇਕਾਗਰਤਾ ਜ਼ਿਆਦਾ ਬਣ ਸਕਦੀ ਹੈ, ਗੁਰਬਾਣੀ ਦੇ ਕੀਰਤਨ ਦਾ ਜ਼ਿਆਦਾ ਰੰਗ ਚੜ੍ਹ ਸਕਦਾ ਹੈ।** ਬਾਹਰਲੇ ਪੰਡਾਲਾਂ ਵਿਚ ਤਾਂ ਓਹ ਸੰਜੀਦਗੀ ਬਣ ਹੀ ਨਹੀਂ ਸਕਦੀ ਜੋ ਗੁਰਬਾਣੀ ਦੇ ਕੀਰਤਨ ਲਈ ਲਾਜ਼ਮੀ ਹੈ।

ਸਾਰੇ ਧਾਰਮਿਕ ਪ੍ਰੋਗਰਾਮਾਂ ਲਈ ਗੁਰਦਵਾਰੇ ਸਾਹਿਬਾਨ ਨੂੰ ਹੀ ਤਰਜੀਹ ਦੇਣੀ ਚਾਹੀਦੀ ਹੈ।

**(ੲ) ਕੀਰਤਨ ਪ੍ਰੋਗਰਾਮਾਂ ਦੀ ਆੜ ਥਲੇ ਵਖ ਵਖ ਵਿਅਕਤੀ ਅਤੇ ਸੁਸਾਇਟੀਆਂ ਆਪਣੀ ਚੌਧਰ ਕਾਇਮ ਕਰਨ ਦਾ ਹੀਲਾ ਕਰਦੀਆਂ ਦੇਖੀਆਂ ਜਾ ਰਹੀਆਂ ਹਨ। ਕੀਰਤਨ ਪ੍ਰੋਗਰਾਮ ਤਾਂ ਐਵੇਂ ਬਹਾਨਾ ਹੀ ਹੁੰਦੇ ਹਨ। ਅਜਿਹੇ ਕੀਰਤਨ ਦਰਬਾਰਾਂ ਦੇ ਪ੍ਰੋਗਰਾਮਾਂ ਵਿਚ ਚੌਧਰ-ਭਾਵਨਾ ਦੀ ਪਰਧਾਨ ਹੁੰਦੀ ਹੈ। ਸਿਰੋਪਾਓ ਲੈਣ ਦੇਣ, ਧੰਨਵਾਦ ਕਰਨ ਕਰਾਉਣ ਵਿਚ ਹੀ ਸਮਾਂ ਅਜਾਈਂ ਗਵਾਇਆ ਜਾਂਦਾ ਹੈ। ਧਾਰਮਿਕ ਭਾਵਨਾ ਅਤੇ ਧਰਮੀ ਜੀਵਨ ਵਾਲੇ ਗੁਰਮੁਖਾਂ ਨੂੰ ਛਡ ਕੇ ਰਾਜਸੀ-ਸਤਾ ਜਾਂ ਧਨ-ਸੰਪਦਾ ਵਾਲੇ ਅਜਿਹੇ ਵਿਅਕਤੀਆਂ ਨੂੰ ਕੀਰਤਨ-ਦਰਬਾਰਾਂ**



www.AKJ.Org

ਦਾ ਸਰਪ੍ਰਸਤ ਜਾਂ ਪ੍ਰਧਾਨ ਬਣਾਇਆ ਜਾਂਦਾ ਹੈ ਜਿਨ੍ਹਾਂ ਨੂੰ ਨਾ ਗੁਰਮਤਿ ਦੀ ਸੋਝੀ ਹੁੰਦੀ ਹੈ ਨਾ ਕੀਰਤਨ ਨਾਲ ਕੋਈ ਲਗਾਓ। ਕਈ ਥਾਵਾਂ ਤੇ ਤਾਂ ਅਜਿਹੇ ਵਿਅਕਤੀ ਵੀ ਕੀਰਤਨ ਦਰਬਾਰਾਂ ਦੀ ਸਰਪ੍ਰਸਤੀ ਕਰਦੇ ਦੇਖੇ ਗਏ ਹਨ ਜਿਨ੍ਹਾਂ ਦੇ ਜੀਵਨ-ਕਾਰਨਾਮੇ ਸਿਖੀ ਦੇ ਵਿਰੋਧੀ ਹੁੰਦੇ ਹਨ। ਧਾਰਮਿਕ ਜੀਵਨ ਵਾਲੇ ਕੀਰਤਨੀਆਂ, ਪ੍ਰਚਾਰਕਾਂ, ਸੇਵਾਦਾਰਾਂ ਨੂੰ ਅਜਿਹੇ ਵਿਅਕਤੀਆਂ ਪਾਸੋਂ ਸਿਰੋਪਾਉ ਦਿਵਾ ਕੇ ਸਨਮਾਨਤ ਕਰਵਾਉਣਾ ਧਰਮ ਅਤੇ ਧਾਰਮਿਕ ਵਿਅਕਤੀਆਂ ਨੂੰ ਹੀਣੇ ਕਰਨ ਅਤੇ ਉਹਨਾਂ ਦਾ ਅਪਮਾਨ ਕਰਨ ਦੇ ਤੁਲ ਹੈ। ਇਹ ਸਭ ਕੁਝ ਕੀਰਤਨ ਦਰਬਾਰਾਂ ਦੇ ਪ੍ਰਬੰਧਕਾਂ ਵਿਚ ਚੌਧਰ ਅਤੇ ਖ਼ੁਦਗ਼ਰਜ਼ੀ ਦੀ ਪ੍ਰਬਲ ਭੁੱਖ ਕਾਰਨ ਹੀ ਵਾਪਰਦਾ ਹੈ।

(ਸ) ਚੌਧਰ ਦੇ ਭੋਖੜ ਪ੍ਰਬੰਧਕਾਂ ਵਲੋਂ ਕੀਤੇ ਕੀਰਤਨ ਦਰਬਾਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਯੋਗ ਸਤਿਕਾਰ ਦਾ ਧਿਆਨ ਕਦਾਚਿਤ ਨਹੀਂ ਰਖਿਆ ਜਾਂਦਾ। ਆਮ ਪੰਡਾਲ ਦੀ ਸਜਾਵਟ ਦੇ ਮੁਕਾਬਲੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸਬੰਧਤ ਸਾਜ਼ੋ ਸਮਾਨ, ਰੁਮਾਲੇ, ਚੰਦੋਆ ਚੌਰ ਆਦਿ ਦੀ ਸੁੰਦਰਤਾ ਆਦਿ ਦਾ ਯੋਗ ਖ਼ਿਆਲ ਨਹੀਂ ਰਖਿਆ ਜਾਂਦਾ। ਵਟਾਂ ਨਾਲ ਭਰਪੂਰ ਚੰਦੋਏ ਸਣ ਦੀ ਰਸੀਆਂ ਨਾਲ ਬੰਨ੍ਹੇ ਹੋਏ ਦੇਖੇ ਗਏ ਹਨ। ਫਿਰ ਗੁਰੂ ਮਹਾਰਾਜ ਦੀ ਬੀੜ, ਚੜ੍ਹਤ ਦੇ ਲਾਲਚ-ਅਧੀਨ ਕਿਸੇ ਲਿਹਾਜ਼ੀ ਸਜਣ ਦੇ ਘਰੋਂ ਲਿਆਉਣ ਦਾ ਯਤਨ ਕੀਤਾ ਜਾਂਦਾ ਹੈ, ਭਾਵੇਂ ਉਸ ਦਾ ਘਰ ਸ਼ਹਿਰ ਦੀ ਦੂਜੀ ਨੁਕਰੇ ਹੋਵੇ। ਗੁਰੂ ਮਹਾਰਾਜ ਜੀ ਦੀ ਬੀੜ ਵੀ ਕੱਲਾ ਦੁਕੱਲਾ ਵਿਅਕਤੀ ਬੰਦ ਸੰਦੂਕ ਵਿਚ ਸਾਈਕਲ ਜਾਂ ਰਿਕਸ਼ਾ ਤੇ ਹੀ ਲੈ ਆਉਂਦਾ ਹੈ। ਫਿਰ ਕੀਰਤਨ-ਦਰਬਾਰ ਸਮਾਪਤ ਹੋਣ ਮਗਰੋਂ ਟੱਕੇ ਟੱਕੇ ਦੇ ਬੰਦਿਆਂ ਦੀ ਝੋਲੀ-ਚੁਕੀ ਵਿਚ ਪ੍ਰੋਗਰਾਮ ਲਮਕਾ ਲਮਕਾ ਕੇ ਸਮਾਂ ਜ਼ਾਇਆ ਕਰ ਦਿਤਾ ਜਾਂਦਾ ਹੈ, ਜਿਸਦੇ ਫਲ ਸਰੂਪ ਸਾਰੀਆਂ ਸੰਗਤਾਂ ਅਰਦਾਸ ਤੋਂ ਪਹਿਲਾਂ ਹੀ ਉਠ ਜਾਂਦੀਆਂ ਹਨ। ਰਹਿੰਦੀਆਂ ਖੂੰਹਦੀਆਂ ਸੰਗਤਾਂ ਪ੍ਰਸ਼ਾਦ ਵਰਤਦੇ ਸਾਰ ਵਿਦਾ ਹੋ ਜਾਂਦੀਆਂ ਹਨ। ਅਖ਼ੀਰ ਤੇ ਗੁਰੂ ਮਹਾਰਾਜ ਦਾ ਸੁਖਾਸਣ ਕਰਨ ਲਈ ਇਕੱਲਾ ਗ੍ਰੰਥੀ ਜਾਂ ਸੇਵਾਦਾਰ ਹੀ ਰਹਿ ਜਾਂਦਾ ਹੈ, ਜਿਸਦੀ ਆਪਣੀ ਭਾਵਨਾ ਉਤੇ ਨਿਰਭਰ ਹੁੰਦਾ ਹੈ ਕਿ ਉਹ ਸੁਖਾਸਣ ਮਗਰੋਂ ਮਹਾਰਾਜ ਜੀ ਦੀ ਬੀੜ ਨੂੰ ਓਸੇ ਸੁੰਞੇ ਪੰਡਾਲ ਵਿਚ ਪੰਘੂੜੇ ਉਤੇ ਹੀ ਬਿਰਾਜਮਾਨ ਕਰ ਕੇ ਖ਼ੁਸ਼ੀਆਂ ਲੈ ਜਾਵੇ ਜਾਂ ਸੰਦੂਕ ਵਿਚ ਬੰਦ ਕਰ ਕੇ ਰਿਕਸ਼ਾ ਜਾਂ ਸਾਈਕਲ ਤੇ ਉਸ ਲਿਹਾਜ਼ੀ ਸਰਦਾਰ ਦੀ ਕੋਠੀ ਪੁਚਾਵੇ, ਜਿਥੋਂ ਬੀੜ ਲਿਆਂਦੀ ਗਈ ਸੀ।

ਪਿਛੇ ਜਹੇ ਅੰਮ੍ਰਿਤਸਰ ਵਿਚ 17-10-76 ਨੂੰ ਕੋਟ ਬਾਬਾ ਦੀਪ ਸਿੰਘ ਦੇ ਬਾਹਰ ਗੰਦੇ ਨਾਲੇ ਦੇ ਕੰਢੇ ਇਕ ਜ਼ਿੰਮੇਵਾਰ ਸਜਣ ਦੀ ਪ੍ਰਧਾਨਗੀ ਵਿਚ ਹੋਏ ਕੀਰਤਨ-ਦਰਬਾਰ ਵਿਚ ਅਜਿਹਾ ਦੇਖਿਆ ਗਿਆ ਹੈ ਕਿ ਗੁਰੂ ਮਹਾਰਾਜ ਜੀ ਦੀ ਏਸ ਢੰਗ ਨਾਲ ਬੇਅਦਬੀ ਕੀਰਤਨ-ਦਰਬਾਰ ਵਿਚ ਕੀਤੀ ਗਈ ਕਿ ਗੁਰੂ ਮਹਾਰਾਜ ਜੀ ਦੀ ਬੀੜ ਸੁਖਾਸਨ ਕਰ ਕੇ ਉਥੇ ਸੁੰਞੇ ਪੰਡਾਲ ਵਿਚ ਹੀ ਸਵੇਰ ਤਕ ਬਿਰਾਜਮਾਨ ਰਹਿਣ ਦਿਤੀ ਗਈ।

(ਹ) ਕੀਰਤਨ ਦਰਬਾਰਾਂ ਵਿਚ ਆਪਣੀ ਚੌਧਰ ਦਾ ਪ੍ਰਭਾਵ ਦੂਰ ਦੂਰ ਤਕ ਫੈਲਾਉਣ ਦੀ ਭਾਵਨਾ-ਅਧੀਨ ਫ਼ੋਟੋ ਖਿਚਵਾਉਣ ਦਾ ਨਵਾਂ ਰਿਵਾਜ ਚਲਿਆ ਹੈ। ਚੌਧਰੀ ਅਗੇ ਅਗੇ ਹੋ ਹੋ ਬੈਠਦੇ ਹਨ ਤਾਂਕਿ ਉਹਨਾਂ ਦੀ ਫੋਟੋ ਮੂਹਰਲੀ ਕਤਾਰ ਵਿਚ ਆਵੇ। ਫੋਟੋਗ੍ਰਾਫ਼ਰ ਸੰਗਤ ਵਿਚ ਰੇਫ਼ਰੀਆਂ ਵਾਂਗ ਫਿਰਦੇ ਤੇ ਸੰਗਤ ਦੇ ਸਨਮਾਨ ਅਤੇ ਕੀਰਤਨ ਦੇ ਰਸ ਨੂੰ ਵਿਗਾੜਦੇ ਫਿਰਦੇ ਹਨ।

ਉਪ੍ਰੋਕਤ ਸਥਿਤੀ ਸੰਗਤਾਂ ਦੇ ਧਿਆਨ ਗੋਚਰੇ ਕਰਨ ਦਾ ਮੰਤਵ ਇਹੀ ਹੈ ਕਿ ਸੰਗਤਾਂ ਇਸ ਕਿਸਮ ਦੇ ਕੀਰਤਨ-ਦਰਬਾਰ ਰਖੇ ਜਾਣ ਵਿਚ ਸਹਿਯੋਗ ਨ ਦੇਣ ਤੇ ਜਿਥੇ ਜਿਥੇ ਕੀਰਤਨ ਦਰਬਾਰ ਹੁੰਦੇ ਹਨ ਓਥੇ ਉਪ੍ਰੋਕਤ ਕਿਸਮ ਦੀਆਂ ਕੁਰੀਤੀਆਂ ਨੂੰ ਸੋਧਣ ਪ੍ਰਬੋਧਣ ਲਈ ਤੱਤਪਰ ਰਹਿਣਾ ਆਪਣਾ ਫ਼ਰਜ਼ ਸਮਝਣ।

—o—

www.AKJ.Org

# ਤਿਮਰ ਅਗਿਆਨ ਤੋਂ ਉਜਿਆਰਾ

## ਗੁਰੂ ਨਾਨਕ ਸਾਹਿਬ ਦੇ ਅਵਤਾਰ ਧਾਰਨ ਦਾ ਕਾਰਨ ਤੇ ਗੁਰਪੁਰਬ ਮਨਾਉਣ ਦਾ ਪ੍ਰਯੋਜਨ

[ਵਲੋਂ:—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

### ਤਿਮਰ ਅਗਿਆਨ ਕੀ ਹੈ ?

ਮਾਇਆ-ਮੋਹ ਵਿਚ ਮਨੂਰ ਹੋਏ ਮਨ ਅਤੇ ਭਰਮ-ਜਾਲ ਦੇ ਭਰਮਾਏ ਹੋਏ ਜੀਵ ਚਾਹੇ ਸ੍ਰਿਸ਼ਟੀ ਭਰ ਦੇ ਐਸ਼ਵਰਜ ਦੇ ਮਾਲਕ ਕਿਉਂ ਨ ਹੋ ਜਾਣ, ਘੋਰ ਅੰਧਕਾਰ ਵਿਚ ਹੀ ਭਟਕ ਰਹੇ ਹਨ। ਜੇਕਰ ਜੋਤਿ ਸਰੂਪੀ ਆਤਮਿਕ ਜੋਤਿ ਦੀ ਕਿਰਨ ਤਿਨ੍ਹਾਂ ਦੀ ਘਟ ਅੰਦਰ ਨਹੀਂ ਪ੍ਰਕਾਸ਼ੀ, ਚਤਰਾਈ ਸਿਆਣਪ ਦੇ ਮਾਯਾਵੀ ਮਦ ਵਿਚ ਮਤੇ ਹੋਏ ਮਗਜ਼ (ਦਿਮਾਗ) ਅਤੇ ਮਤ ਮਤ੍ਰਾਂਤਾਂ ਦੀਆਂ ਸ਼ੁਸ਼ਕ ਫ਼ਿਲਾਸਫ਼ੀਆਂ ਅਤੇ ਨਵੀਨ ਵਾ ਪਰਾਚੀਨ ਜ਼ਮਾਨੇ ਦੀ ਨਾਨਾ ਪਰਕਾਰੀ ਸਾਇੰਸ ਦੇ ਮੁਠੇ ਹੋਏ ਹਿਰਦੇ, ਚਾਹੇ ਵਿਦਿਆ ਦੇ ਭੰਡਾਰ ਹੀ ਕਿਉਂ ਨਾ ਬਣੇ ਹੋਏ ਹੋਣ, ਹਨੇਰ ਗੁਬਾਰ ਵਿਚ ਹੀ ਭੰਬਲਭੂਸੇ ਖਾ ਰਹੇ ਹਨ, ਜੇਕਰ ਇਕ ਅਕਾਲੀ ਜੋਤਿ ਦਾ ਚਮਤਕਾਰ ਓਥੇ ਨਹੀਂ ਪਿਆ। ਜੋ ਹਿਰਦੇ ਇਸ ਸਚੀ ਜੋਤਿ ਸਰੂਪੀ ਰੌਸ਼ਨੀ ਤੋਂ ਸਖਣੇ ਹਨ, ਜੋ ਮਨ ਆਪਣੇ ਆਤਮਕ ਸਰੂਪ ਦੀ ਲਖਤਾ ਤੋਂ ਘੁਥੇ ਹੋਏ ਹਨ, ਓਹ ਅਗਿਆਨ ਅੰਧੇਰ ਵਿਚ, ਕੇਵਲ ਅੰਧੇਰੇ ਨੂੰ ਹੀ ਜਫਾ ਪਾਈ ਬੈਠੇ ਹਨ। ਉਥੇ ਤਿਮਰ ਅਗਿਆਨ ਹੀ ਛਾ ਰਿਹਾ ਹੈ, ਓਥੇ "ਬਾਹਹਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ" ਦੇ ਗੁਰਵਾਕ ਵਾਲਾ ਅੰਧੇਰਾ ਹੈ। ਸ੍ਰਿਸ਼ਟੀ ਦੇ ਸਰਬ ਸਿਰਜੇ ਜੀਅ ਜੰਤਾਂ ਤੋਂ ਸਰਬ ਸ੍ਰੇਸ਼ਟ (ਅਸ਼ਰਫ਼ੁਲ-ਮਖ਼ਲੂਕਾਤ) ਅਖਵਾਉਣ ਵਾਲਾ ਚਤਰਾਈ ਦਾ ਪੁੰਜ ਮਨੁੱਖ ਇਸ ਆਤਮਕ ਲਖਤਾ ਤੋਂ ਉਰਾ ਹੀ ਰਹੇ। ਕਿ ਮੈਂ ਕੀ ਹਾਂ ? ਮੇਰਾ ਸਰੂਪ ਕੀ ਹੈ ? ਮੇਰਾ ਮੂਲ ਕੀ ਹੈ ? ਕਥਨੀ ਦੁਆਰਾ ਏਸ ਅਵਸਥਾ ਨੂੰ ਕਥਿ ਕੇ ਤਾਂ ਬਥੇਰੇ ਹੰਭ ਹਾਰ ਹਟੇ ਹਨ, ਪਰ "ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ" ਗੁਰਵਾਕ ਦੇ ਭਾਵ ਅਨੁਸਾਰ ਨਿਰੀ ਕਥਨੀ ਹੀ ਕਥਨੀ ਰਹੀ ਹੈ। ਉਸ ਸਰੂਪ ਦੀ ਵਾਸਤਵੀ ਲਖਤਾ, ਉਸ ਅਕਾਲੀ ਜੋਤਿ ਦਾ ਅਨਭਵੀ ਪ੍ਰਕਾਸ਼ ਨਹੀਂ ਹੋ ਸਕਿਆ। ਆਪਣਾ ਅਸਲ ਸਰੂਪ ਜੋਤਿ ਸਰੂਪੀ ਸਰੂਪ ਨਹੀਂ ਚੀਨਿਆ ਗਿਆ। ਤਾਂ ਤੇ "ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ" ਦੇ ਗੁਰਵਾਕ ਦੇ ਭਾਵ ਅਨੁਸਾਰ ਭਰਮ ਹੀ ਭਰਮ ਰਿਹਾ। ਕਿਹਾ ਭਿਆਨਕ ਅੰਧੇਰਾ ਹੈ ਕਿ ਭਰਮ ਦੀ ਭ੍ਰਾਂਤੀ ਵਿਚ ਹੋਂਦਿਆਂ ਭੀ ਭਰਮ ਅੰਧੇਰਾ ਨਾ ਭਾਸ ਸਕੇ।

### ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਾ ਕਾਰਨ—

ਇਹ ਭਰਮ ਅੰਧੇਰਾ, ਇਹ ਤਿਮਰ ਅਗਿਆਨ ਸਾਰੇ ਜਗਤ ਪਰ ਛਾਇਆ ਦੇਖ ਕੇ, ਕੇਵਲ ਇਸ ਤਿਮਰ ਅਗਿਆਨ ਰੂਪੀ ਭਰਮ ਅੰਧੇਰੇ ਨੂੰ ਦੂਰ ਕਰਨ ਹਿਤ ਹੀ 'ਜਗਤ ਗੁਰੂ ਨਾਨਕ ਦੇਵ' ਜੀ ਨੇ ਤਿਮਰ ਅਗਿਆਨ ਦੇ ਹੜ੍ਹ ਵਿਚ ਹੜ੍ਹੇ ਜਾਂਦੇ ਸੰਸਾਰ ਨੂੰ ਉਬਾਰਨ ਲਈ ਕਲੀ ਕਾਲ ਵਿਖ ਆਣ ਕੇ ਅਵਤਾਰ ਧਾਰਿਆ ਅਤੇ ਧੁੰਦ ਗੁਬਾਰ ਵਿਚ ਧੁੰਧਲਾਏ ਸੰਸਾਰ ਦੇ ਧੁੰਦ ਰੋਗ, ਭਰਮ ਅੰਧ ਰੋਗ, ਤਿਮਰ ਅਗਿਆਨ ਰੋਗ ਨੂੰ ਦੂਰ ਕਰਨ ਲਈ ਅਜਿਹਾ ਅਧਿਭੁਤ ਅੰਜਨ ਅਮਰ ਕਲਾ ਦੁਆਰਾ ਵਰਸਾ ਕੇ ਧੁੰਦ ਰੋਗ ਦੇ ਆਤੁਰ ਅੰਧ-ਅਗਿਆਨੀ ਸੰਸਾਰੀਆਂ ਪ੍ਰਤੀ ਨਿਛਾਵਰ ਕੀਤਾ ਕਿ ਜਿਸ ਔਖਧ ਸੰਪੰਨ ਅਮਰ ਕਲਾ ਨੇ ਸੁਗਮ ਹੀ ਭਰਮ ਦੇ ਛਉੜ ਕਟ ਦਿਤੇ। ਏਸ ਅਮਰ ਕਲਾ ਪ੍ਰਕਾਸ਼ਕ ਅਤੇ ਤਿਮਰ ਅਗਿਆਨ ਬਿਨਾਸ਼ਕ ਨਿਰੰਜਨ-ਅੰਜਨੀ ਔਖਧੀ (ਦਾਰੂ) ਨੂੰ ਰਿਦੇ ਰੂਪੀ ਨੇਤਰਾਂ ਅੰਦਰ ਸਿੰਚ ਕੇ, ਰੋਗੀ ਸੰਸਾਰ ਦਾ ਅਗਿਆਨ ਰੋਗ ਚੱਕ ਦਿਤਾ। ਆਹਾ ! ਕਿਹੀ ਅਸਚਰਜ ਔਖਧੀ ਹੈ ! ਕਿਹਾ ਅਦੁੱਤੀ ਅੰਜਨ ਹੈ ! ਜਿਸ ਨੂੰ ਗੁਰੂ ਸਰੂਪ ਅੰਮ੍ਰਿਤ ਬਾਣੀ, ਸਤਿਗੁਰ ਨਾਨਕ ਦੇਵ ਰੂਪੀ ਗੁਰੂ ਸਰੂਪ ਸੋਮੇ 'ਚੋਂ ਨਿਕਲੀ ਹੋਈ ਬਾਣੀ ਇਸ ਬਿਧ ਵਰਨਣ ਕਰਦੀ ਹੈ। ਯਥਾ—"ਸੰਸਾਰ



www.AKJ.Org

ਰੋਗੀ ਨਾਮੁ ਦਾਰੂ'' ਤਥਾ ''ਗਿਆਨ ਬਿੰਜਨ ਨਾਮ ਅੰਜਨ'' ਬਸ ਇਹ ਅਲੌਕਿਕ ਅੰਜਨ, ਇਹ ਅਧਿਭੁਤ ਔਖਧੀ (ਦਾਰੂ) ਨਾਮ ਹੈ। ਜਿਸ ਅਮਰ ਪਦਾਰਥ ਦੇ ਭੁੰਚਿਆਂ ਅਤੇ ਰੋਗੀ ਦੇ ਰਿਦੇ ਰੂਪੀ ਰਿਦੇ-ਆਕਾਰ ਅੰਦਰ ਸਿੰਚਤ ਹੋਇਆਂ ਅਗਿਆਨ ਅੰਧੇਰੇ ਦਾ ਬਿਨਾਸ ਅਤੇ ਕੋਟ ਸੂਰਜਾਂ ਦੇ ਉਜਿਆਰਾਂ ਸਮ ਦਿੱਬ ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ। ਯਥਾ ਗੁਰਵਾਕ— ''ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥'' ਇਹ ਪ੍ਰੀਖਿਆ ਹੈ ਭਰਮ ਅੰਧੇਰਾ ਬਿਨਸਨ ਦੀ। ਇਹ ਸਚੀ ਪਛਾਣ ਹੈ ਤਿਮਰ ਅਗਿਆਨ ਦੇ ਬਿਨਾਸ ਦੀ।

**ਤਿਮਰ ਅਗਿਆਨ ਤੋਂ ਉਜਿਆਰਾ—**

ਜਦ ਤੀਕ ਜਗਿਆਸੂਆਂ ਦੇ ਹਿਰਦੇ ਅੰਦਰ ਉਸ ਦਿੱਬ ਜੋਤਿ ਦੇ ਪਰਕਾਸ਼ ਦਾ ਉਜਾਲਾ, ਸਚ ਮੁਚ ਕੋਟ (ਕਰੋੜ) ਸੂਰਜਾਂ ਦੇ ਚਾਨਣੇ ਵਤ ਪਸਰਤ ਹੋ ਕੇ ਇਸ ਬਿਧ ਜਗਿਆਸੂਆਂ ਦੇ ਘਟਾਂ ਅੰਦਰ ਗਿਆਨ ਰੂਪੀ ਸੁਚਾ ਚਾਨਣਾ ਨਹੀਂ ਖਿੜਦਾ (ਵਿਗਸਦਾ) ਜੈਸੇ ਕਿ ''ਚਾਂਦਨਾ ਗ੍ਰਿਹਿ ਹੋਇ ਅੰਧੇਰੈ'' ਦੇ ਗੁਰ-ਵਾਕ ਦਾ ਭਾਵ ਦਸਦਾ ਹੈ, ਤਦ ਤੀਕਰ ਘੋਰ ਅੰਧਕਾਰ ਹੀ ਅੰਧਕਾਰ ਹੈ। ਪਰ ਐਵੇਂ ਕਥਨੀ ਬਦਨੀ ਦੁਆਰਾ ਇਹ ਉਜਾਲਾ ਉਦਿਤ ਨਹੀਂ ਹੋ ਸਕਦਾ। ਬਸ 'ਨਾਮ', ਕੇਵਲ ਨਾਮ ਦੁਆਰਾ ਹੀ ਐਸਾ ਹੋਣਾ ਸੰਭਵ ਹੈ। ਨਾਮ, ਕੇਵਲ ਨਾਮ ਦੁਆਰਾ ਦਿਬ ਜੋਤਿ ਦੀ ਲਖਤਾ, ਕੋਟ ਸੂਰਜਾਂ ਦੇ ਉਜਿਆਰੇ ਸਮ ਪ੍ਰਕਾਸ਼ਤ ਜੋਤਿ ਦੀ ਲਖਤਾ ਪ੍ਰਾਪਤ ਹੁੰਦੀ ਹੈ। ਇਸ ਲਖਤਾ ਦਾ ਅਰਥ ਚੁੰਚ ਗਿਆਨੀਆਂ ਵਾਲੇ ਕਥਨੀ ਮਾਤਰ ਹੀ ਨਹੀਂ। ਅਨਮਾਨਤਾ ਐਵੇਂ ਕਹਿਣੀ ਹੀ ਹੈ। ਇਹ ਲਖਤਾ ਤਾਂ ਉਸ ਕੋਟ ਸੂਰਜਾਂ ਦੇ ਉਜਿਆਰੇ ਸਮ ਝਿਲਮਿਲਕਾਰ, ਕ੍ਰਾਂਤੀ ਪ੍ਰਕਾਸ਼ਤ ਜੋਤਿ ਦਾ ਸਾਂਗੋ ਪਾਂਗ ਦਿਦਾਰ ਦਾ ਸਾਪੇਖਛ ਦਰਸ਼ਨ ਹੈ। **ਏਸ ਅਲੌਕਿਕ ਨਾਮ ਪਦਾਰਥ ਦਾ ਫੁਹਾਰਾ ਕਿਥੋਂ ਫੁਟਿਆ ? ਉਸ 'ਸਚ ਸਤਿਗੁਰ ਸ੍ਰੀ ਗੁਰ ਨਾਨਕ ਦੇਵ' ਰੂਪੀ ਸਚੇ ਸੋਮੇ ਤੋਂ, ਜਿਸ ਦੇ ਅਵਤਾਰ ਧਾਰਨ ਦੇ ਸੁਭਾਗ ਦਿਹਾੜੇ ਦਾ ਗੁਰ-ਪੁਰਬ ਸਦਾ ਮਨਾਇਆ ਜਾਂਦਾ ਹੈ।**

ਇਹ ਗੁਰਪੁਰਬ ਮਨਾਵਣ ਦੀਆਂ ਸਾਰੀਆਂ ਖ਼ੁਸ਼ੀਆਂ ਕੇਵਲ ਉਸ ਸੁਭਾਗ ਦਿਹਾੜੇ ਦੀ ਯਾਦਗਾਰ ਵਿਚ ਹਨ, ਜਿਸ ਦਿਨ ਕਿ ਜੋਤਿ ਸਰੂਪ, ਪ੍ਰਕਾਸ਼ ਸਰੂਪ ਜੋਤਿ ਅਤੇ ਆਪਣੇ ਜੋਤਿ ਸਰੂਪੀ ਪ੍ਰਕਾਸ਼ ਦੁਆਰਾ ਸੰਸਾਰ ਭਰ ਦਾ ਤਿਮਰ ਅਗਿਆਨ ਬਿਨਾਸ ਕਰਨਹਾਰ ਜੋਤਿ, ਨਾਮ ਦੀ ਕਲਾ ਵਰਤਾ ਕੇ ਕੋਟਾਨ ਕੋਟ ਸੂਰਜਾਂ ਦੇ ਝਲਕਾਰ ਸਾਰਖੇ ਚਮਤਕਾਰ ਨੂੰ ਸਾਖਸ਼ਾਤ ਕਰਾਵਨਹਾਰੀ ਜੋਤਿ ਅਰਥਾਤ ਗੁਰੂ, ''ਸ੍ਰੀ ਗੁਰੂ ਨਾਨਕ ਦੇਵ'' ਜੀ ਨੇ ਪਹਿਲੇ ਜਾਮੇ ਵਿਚ ਆਣ ਕੇ ਇਸ ਭਵਿ ਭੂਮੀ ਉਤੇ ਆਪਣੇ (ਨਿਜ ਸਰੂਪ) ਨੂੰ ਪ੍ਰਗਾਸਿਆ। ਅਜਿਹੇ ਜੋਤਿ ਗੁਰੂ ਦੇ ਪਰਗਟ ਹੋਣ ਦਾ ਦਿਹਾੜਾ ਕੋਈ ਆਵਾਗਉਣ (ਮਮੂਲੀ) ਦਿਹਾੜਾ ਨਹੀਂ, ਇਹ ਸੱਚੇ ਪ੍ਰਕਾਸ਼ ਦਾ ਦਿਹਾੜਾ ਹੈ। ਇਸ ਦਿਨ ਤੋਂ ਹੀ ਕੂੜ ਦੀ ਪਾਲ ਨੂੰ ਤੋੜ ਕੇ ਸਚ ਦੀ, ਸਚੇ ਗਿਆਨ ਦੀ ਪਹੁ ਫੁਟਣ ਲਗੀ ਹੈ। ਇਸ ਦਿਨ ਤੋਂ ਹੀ ਅਗਿਆਨ ਦੇ ਭਰਮ-ਅੰਧੇਰੇ ਦੀ ਧੁਧ ਮਿਟਣ ਲਗੀ ਹੈ। ਖ਼ਾਸ ਉਹ ਦਿਨ ਤਾਂ ਵਿਸ਼ੇਸ਼ ਕਰਕੇ ਇਉਂ ਸੁਭਾਗਾ ਅਤੇ ਪੂਜਨੀਕ ਹੈ ਕਿ ਉਸ ਦਿਨ ਨਾਮ ਦਾ ਛੱਟਾ ਦੇ ਕੇ ਸੰਸਾਰ ਭਰ ਵਿਚ ਸਚਾ ਪ੍ਰਕਾਸ਼ ਕਰਨ-ਹਾਰੀ ''ਅਕਾਲੀ ਮੂਰਤ'' ਦਾ ਆਪਣੀ ਜਗਮਗ ਜੋਤਿ ਵਿਚ ਜਗ ਕੇ ਪ੍ਰਕਾਸ਼ ਸਰੂਪ ਜੋਤਿ ਦੇ ਸੋਮੇ ਸਰੂਪੀ ਸਚੇ ਸੂਰਜ ਦਾ ਉਦੈ ਹੋਣਾ ਹੋਇਆ ਹੈ। ਜਿਸ ਸੂਰਜ ਰੂਪੀ ਸੋਮੇ ਤੋਂ ਨਿਕਸ ਕੇ ਪ੍ਰਕਾਸ਼ੀ ਨਾਮ ਰੂਪੀ ਕਿਰਣ ਦਾ ਉਜਿਆਰਾ (ਚਾਨਣਾ) ਹੀ ਕੋਟ ਸੂਰਜਾਂ ਦੇ ਉਜਿਆਰੇ ਸਮ ਹੈ। ਤਾਂ ਉਸ ਸੋਮੇ ਸਰੂਪ ਸਚੇ ਸੂਰਜ ਦੇ ਉਜਿਆਰੇ ਦੀ ਸੋਭਾ ਤਾਂ ਕੇਤਕ ਵਰਨਣ ਹੋ ਸਕਦੀ ਹੈ। ਕੋਟਾਨ ਕੋਟ ਸੂਰਜਾਂ ਦਾ ਚੜ੍ਹਨਾ ਗੁਰੂ ਰੂਪੀ ਸਚੇ ਸੂਰਜ ਦੇ ਪ੍ਰਕਾਸ਼ (ਉਦੇ ਹੋਣ) ਦੇ ਸਾਹਮਣੇ ਸਚ ਮੁਚ ਤੁਛ ਮਾਤਰ ਹੈ, ਜਿਹਾ ਕਿ ਇਹ ਵਾਕ ਭੀ ਪ੍ਰੋੜ੍ਹਤਾ ਕਰਦਾ ਹੈ। ਯਥਾ—

> ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ (੪੬੩)



www.AKJ.Org

'ਸਉ' ਅਤੇ 'ਹਜਾਰ' ਦੇ ਪਦਾਂ ਤੋਂ ਭਾਵ ਅਣ-ਗਿਣਤ ਦਾ ਹੈ। ਜਦ ਕਿ ਗੁਰੂ ਬਿਹੂਣ ਅਣਗਿਣਤ ਸੂਰਜਾਂ ਦੇ ਹੁੰਦਿਆਂ ਤਾਂ ਘੋਰ ਅੰਧਾਰ ਹੀ ਰਹਿੰਦਾ ਹੈ, ਤਦ ਇਸ ਭਵ-ਭੂਮੀ ਉਤੇ ਇਕ ਸੂਰਜ ਦੇ ਹੁੰਦਿਆਂ, ਪਰ ਗੁਰੂ ਬਿਹੂਣ ਕਿਤਨਾ ਕੁ ਘੋਰ ਅੰਧਾਰ ਹੋਵੇਗਾ। ਗੁਰੂ ਦੇ ਪ੍ਰਗਟ ਹੋਣ ਤੋਂ ਪਹਿਲਾਂ-ਇਸ ਭਵਭੂਮੀ ਉਤੇ ਮਹਾਂ ਘੋਰ ਗੁਬਾਰ ਹੋਣ ਵਿਚ ਰੰਚਕ ਭੀ ਸੰਦੇਹ ਨਹੀਂ ਹੋ ਸਕਦਾ, ਪਰ ਇਸ ਸਚੇ ਸੂਰਜ ਦੇ ਲਵੇ ਕੋਟ ਸੂਰਜ ਭੀ ਨਹੀਂ ਲਗਦੇ, ਤਿਸੁ ਸਚ ਪ੍ਰਕਾਸ਼ ਦੇ ਸੋਮੇ ਗੁਰੂ ਰੂਪੀ ਸਚੇ ਸੂਰਜ ਦੇ ਪ੍ਰਗਟ ਹੋਣ ਪਰ ਇਸ ਭਵ-ਭੂਮੀ ਉਤੇ ਕਿਤਨਾ ਕੁ ਚਾਨਣ ਹੋਇਆ ਹੋਊ। ਸਚ ਮੁਚ ਧੁੰਧ-ਗੁਬਾਰ ਅਤੇ ਘੋਰ-ਅੰਧਾਰ ਵਿਚ ਨਿਰਮਲ ਉਜਿਆਰਾ ਅਤੇ ਜਗਤ ਭਰ ਵਿਖੇ ਦਿਬ ਅਤੇ ਦੈਵੀ ਚਾਨਣੇ ਦਾ ਸਚਾ ਚਾਨਣ ਵਰਤ ਗਿਆ ਹੋਊ। ਕੀ ਇਸ ਮਹਾਂਵਾਕ ਦੀ ਸਚਿਆਈ ਉਤੇ ਸੰਦੇਹ ਉਪਜ ਸਕਦਾ ਹੈ ਕਿ—

'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ
ਜਗਿ ਚਾਨਣੁ ਹੋਆ ॥'

## ਗੁਰਪੁਰਬ ਮਨਾਉਣ ਦਾ ਪਰਯੋਜਨ ਕੀ ਹੈ ?

ਅਜਿਹੇ ਸਚੇ ਸਤਿਗੁਰੂ ਦੀ ਯਾਦਗਾਰ ਵਿਚ ਗੁਰਪੁਰਬ ਕਿਉਂ ਨਾ ਮਨਾਏ ਜਾਵਣ ! ਇਸ ਯਾਦ-ਗਾਰ ਵਿਚ ਗੁਰਪੁਰਬ ਮਨਾਵਣ ਦਾ ਅਸਲੀ ਅਤੇ ਮੁਖ ਮਨੋਰਥ ਕੀ ਹੈ ? ਆਉ ਜ਼ਰਾ ਮਿਲ ਕੇ ਵਿਚਾਰੀਏ। ਸਤਿਗੁਰ ਨਾਨਕ ਦੇਵ ਜੀ ਦੇ ਪ੍ਰਗਟਣ ਦਾ ਪਰਮ ਪ੍ਰਯੋਜਨ ਜੋ ਹੈਸੀ, ਸੋਈ ਅਸਾਡੇ ਪੁਰਬ ਮਨਾਵਣ ਦਾ ਮੁਖ ਮੰਤਵ ਹੋਣਾ ਚਾਹੀਦਾ ਹੈ। ਆਉ ਜ਼ਰਾ ਵੀਚਾਰੀਏ ਕਿ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਏ ਤਾਂ ਕਿਸ ਕਾਰਨ ਕਰਕੇ ਆਏ ? ਕੀ ਉਹਨਾਂ ਦਾ ਆਵਣਾ ਚੁਰਾਸੀ ਦੇ ਜੀਵਾਂ ਵਤ ਸੀ ? ਕੀ ਉਹਨਾਂ ਦਾ ਅਵਤਾਰ ਧਾਰਨ ਕਰਨਾ ਆਮ ਅਵਤਾਰਾਂ ਵਤ ਸੀ ? ਨਹੀਂ ! ਹਰਗਿਜ਼ ਨਹੀਂ !! ਸਤਿਗੁਰ ਨਾਨਕ ਦੇਵ ਦੇ ਅਵਤਾਰ ਧਾਰਨ ਦੇ ਪ੍ਰਯੋਜਨ ਦੀ ਅਲੌਕਿਕਤਾ ਅਤੇ ਵਿਲੱਖਣਤਾ ਹੇਠ ਲਿਖਿਆ ਗੁਰਵਾਕ ਇਸ ਬਿਧ ਗਾਂਵਦਾ ਹੈ ਅਤੇ ਗਾਉ ਕੇ ਨਿਰੂਪਣ ਕਰਾਉਂਦਾ ਹੈ। ਯਥਾ—

ਜਨਮ ਮਰਣ ਦੁਹਹੂ ਮਹਿ ਨਾਹੀ ਜਨ
ਪਰਉਪਕਾਰੀ ਆਏ ॥ ਜੀਅ ਦਾਨੁ ਦੇ
ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥'

ਆਮ ਅਵਤਾਰਾਂ ਵਤ ਗੁਰੂ ਜੀ ਨਿਜ ਦੇ ਬਖੇੜਿਆਂ ਅਥਵਾ ਮਨ-ਮੰਨੀ ਚਸਕੇ-ਬਾਜ਼ੀਆਂ ਹਿਤ ਜੁਧ ਜੰਗ ਦੇ ਦੰਗਲ ਦੁਗਾੜੇ ਅਥਵਾ ਰਾਸ ਲੀਲ੍ਹਾ ਦੇ ਮੰਗਲ ਅਖਾੜੇ ਰਚਣ ਨਹੀਂ ਸਨ ਆਏ, ਨਾ ਹੀ ਹੋਰ ਆਚਾਰਯਾਂ ਤੇ ਸੁਧਾਰਕਾਂ ਦੀ ਨਿਆਈਂ ਆਪਣੇ ਨਾਮ ਨੂੰ ਨਸ਼ਰ (ਪ੍ਰਸਿਧ) ਕਰਨ ਆਏ ਸਨ। ਸਤਿਗੁਰੂ ਨਾਨਕ ਦੇਵ ਜੀ ਆਏ ਤਾਂ ਪਰਉਪਕਾਰੀ ਆਏ, ਅਰਥਾਤ ਪਰਉਪਕਾਰ ਹਿਤ ਆਏ। ਪਰ-ਉਪਕਾਰ ਭੀ ਕਿਹੜਾ ! ਕਿ 'ਜੀਅ ਦਾਨੁ ਦੇਇ ਭਗਤੀ ਲਾਇਨਿ ॥'' ਨਾਮ ਰੂਪੀ ਸਚੇ ਧਨ ਦਾ ਸਚਾ ਆਤਮਿਕ ਦਾਨ ਦੇ ਕੇ ਸੰਸਾਰ ਭਰ ਦੇ ਪ੍ਰਾਣੀਆਂ ਨੂੰ ਭਗਤੀ ਵਿਖੇ ਲਾਵਣਾ ਗੁਰੂ ਜੀ ਪਰਉਪਕਾਰ ਸੀ। ਵਾਹ ! ਕਿਆ ਸੋਹਣਾ ਪਰਮ ਪਵਿਤਰ ਅਤੀ ਅਲੌਕਿਕ ਪਰਉਪਕਾਰ ਹੈ। ਇਹ ਗੁਰਮਤਿ ਪਰ-ਉਪਕਾਰ ਹੈ। ਇਹ ਗੁਰਮਤਿ ਪਰਉਪਕਾਰ ਦਾ ਸਚਾ ਸਰੂਪ ਹੈ। ਦਾਨ ਭੀ ਜੀਅ ਦਾਨੁ, ਨਾਮ ਰੂਪੀ ਸਚੇ ਧਨ ਦਾ ਅਖੁਟ ਆਤਮਿਕ ਦਾਨ, ਲੋਕ ਪਰਲੋਕ ਵਿਖੇ ਸੰਗ ਸਾਥ ਨਿਭਣ ਵਾਲਾ ਪਰਮਾਰਥੀ ਦਾਨ। ਜੈਸਾ ਕਿ "ਇਹੁ ਹਰਿ ਧਨੁ ਜੀਐ ਸੇਤੀ ਰਵਿ ਰਹਿਆ ਜੀਐ ਨਾਲੇ ਜਾਇ" ਗੁਰਵਾਕ ਦੇ ਆਸ਼ੇ ਤੋਂ ਸਿਧ ਹੈ। ਇਸ ਦੈਵੀ ਦਾਨ ਦੁਆਰਾ ਭਗਤੀ ਦੇ ਪ੍ਰੇਮ ਰਸ ਵਿਚ ਪਾਗ ਕੇ (ਗਲੇਫ ਕੇ) ਪ੍ਰਾਣੀਆਂ ਦਾ ਉਧਾਰ ਕਰਨ ਦੇ ਕਾਰਨ ਗੁਰੂ ਜੀ ਦਾ ਪਰਉਪਕਾਰ ਇਕ ਪਰਮ ਸ੍ਰੇਸ਼ਟ ਅਤੇ ਸਰਬੋਤਮ ਪਰਉਪਕਾਰ ਹੈ। ਜਿਹੜਾ ਕਿ ਕਿਸੇ ਪੀਰ ਪੈਗੰਬਰ, ਵਲੀ, ਔਲੀਏ ਅਥਵਾ ਅਵਤਾਰ ਤੋਂ ਨਹੀਂ ਬਣ ਆਇਆ। ਜੇ ਕੋਈ ਕਹੇ, "ਜੀਅ ਦਾਨੁ ਦੇ ਭਗਤੀ ਲਾਇਨਿ" ਰੂਪੀ ਪਰਉਪਕਾਰ ਤੋਂ ਪ੍ਰਾਣੀਆਂ ਨੂੰ ਗੁਰੂ ਜੀ ਨੇ ਪ੍ਰਾਪਤ ਕੀ ਕਰਾਇਆ ? ਤਾਂ "ਹਰਿ ਸਿਉ ਲੈਨਿ ਮਿਲਾਏ" ਦਾ ਅਗਲੇਰਾ ਪਦਾ ਦਸਦਾ ਹੈ ਕਿ ਉਕਤ ਪ੍ਰੇਮਾ ਭਗਤੀ ਰੂਪੀ ਪਰਉਪਕਾਰ ਦੁਆਰਾ ਗੁਰੂ ਜੀ ਨੇ ਪਰਮੇਸ਼ਰ-ਪ੍ਰਾਪਤੀ ਦੀ ਪਰਮ ਪਦਵੀ ਨੂੰ ਪੁਚਾਇਆ।



www.AKJ.Org

**ਏਸ ਪਰਮ ਪਦ ਦਾ ਪ੍ਰਾਣੀਆਂ ਪ੍ਰਤੀ ਪਰਕਾਸ਼ਣਾ, ਅਰਥਾਤ ਪ੍ਰਾਪਤ ਕਰਾਵਣਾ ਹੀ ਸ੍ਰੀ ਸਤਿਗੁਰੂ ਜੀ ਦੇ ਅਵਤਾਰ ਧਾਰਨ ਦਾ ਪਰਮ ਪਰਯੋਜਨ ਸੀ।**

ਸੋ ਅਸਾਂਡੇ ਗੁਰਪੁਰਬ ਮਨਾਵਣ ਦੇ ਮੁਖ ਮਨੋਰਥ ਭੀ ਇਹੋ ਹੀ ਹੋਣਾ ਚਾਹੀਦਾ ਹੈ ਕਿ ਅਸੀਂ ਗੁਰੂ ਜੀ ਦੇ ਆਗਮਨ ਦੇ ਪਰਮ ਪਰਯੋਜਨ ਨੂੰ ਪ੍ਰੇਮ ਪੂਰਬਕ ਯਾਦ ਕਰਦੇ ਹੋਏ ਪ੍ਰੇਮਾ ਭਗਤੀ ਵਿਖੇ ਲੀਨ ਹੋਈਏ ਤੇ ਹਰਿ ਪ੍ਰੀਤਮ ਦੇ ਮਿਲਾਪ ਦੇ ਪਰਮ ਪਦ ਦੀ ਪ੍ਰਾਪਤੀ ਹੋਵੇ। ਬਸ ਗੁਰਾਂ ਦੇ ਪਾਏ ਇਨ੍ਹਾਂ ਪਰਮਾਰਥੀ ਪੂਰਨਿਆਂ ਅਨੁਸਾਰ ਪਰਸਪਰ ਮਿਲ ਕੇ ਪ੍ਰੇਮ ਕਰਨਾ ਗੁਰਪੁਰਬ ਮਨਾਵਣ ਦਾ ਅਸਲ ਅਤੇ ਪੂਰਨ ਤਾਤ-ਪਰਜ ਹੈ। ਇਹੋ ਹੀ ਗੁਰੂ ਜੀ ਦੇ ਪਰਉਪਕਾਰ ਯਾਦ ਕਰਨਾ ਹੈ। ਇਸ ਬਿਧ ਭਾਉ ਭਗਤੀ ਸਹਿਤ ਹੀ ਗੁਰਸਿਖਾਂ ਦਾ ਗੁਰਪੁਰਬ ਮਨਾਵਣਾ ਲੇਖੇ ਪੈਂਦਾ ਹੈ। ਤਦੇ ਹੀ ਤਾਂ ਭਾਈ ਗੁਰਦਾਸ ਜੀ ਨੇ ਗੁਰਪੁਰਬ ਮਨਾਵਣ-ਹਾਰਿਆਂ ਦੀ ਮਹਿਮਾ ਵਰਨਣ ਕੀਤੀ ਹੈਕਿ—

ਕੁਰਬਾਨੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ
ਗੁਰਪੁਰਬ ਕਰੰਦੇ ॥

ਬਸ ਭਾਉ ਭਗਤੀ ਦੇ ਰੰਗ ਵਿਚ ਮਾਣਿਆ ਗੁਰਪੁਰਬ ਹੀ ਪਰਵਾਨ ਪੈਂਦਾ ਹੈ। ਪਰੰਤੂ ਪੁਰਬ ਮਨਾਵਣ ਦਾ ਆਮ ਰਿਵਾਜ ਦਸਦਾ ਹੈ ਕਿ ਗੁਰਪੁਰਬ ਇਸ ਮਨੋਰਥ ਲਈ ਨਹੀਂ ਮਨਾਏ ਜਾਂਦੇ। ਜੇ ਇਉਂ ਮਨਾਏ ਜਾਣ ਤਾਂ ਗੁਰਾਂ ਦੇ ਐਨ ਓਸੇ ਵਕਤ ਉਥੇ ਜੋਤਿ ਸਰੂਪੀ ਪਰਤੱਖ ਦਰਸ਼ਨ-ਦਿਦਾਰੇ ਪ੍ਰਾਪਤ ਹੋਣ ਵਿਚ ਰੰਚਕ ਭੀ ਸੰਦੇਹ ਨਹੀਂ, ਜਿਸ ਜੋਤਿ ਨੂੰ ਜਗਾ ਕੇ ਅਤੇ ਜਿਸ ਦਿਬ ਸਰੂਪ ਨੂੰ ਧਾਰਨ ਕਰ ਕੇ ਗੁਰੂ ਜੀ ਜਗਤ ਉਤੇ ਪ੍ਰਗਟ ਹੋਏ ਸਨ। ਪਰੰਤੂ ਪ੍ਰਿਥਮ ਤਾਂ ਇਸ ਜੋਤਿ-ਪਰਕਾਸ਼ੀ-ਦਰਸ਼ਨ ਦੀ ਪਰਤੀਤ ਹੀ ਪ੍ਰਾਣੀ ਨੂੰ ਬਹੁਤ ਵਿਰਲੀ ਅਤੇ ਥੋਹੜੀ ਹੈ। ਇਸ ਪਰਤੀਤ ਬਿਹੂਣ ਭਗਤੀ ਕਦ ਪਰਵਾਣ ਪੈ ਸਕਦੀ ਹੈ? ਇਸ ਪਰਤੀਤ ਸੰਯੁਕਤ ਭਾਉ ਭਗਤੀ ਕਰਨਾ ਅਤੇ ਗੁਰੂ ਦੇ ਗੁਣ ਗਾਵਣਾ ਹੀ ਥਾਉਂ ਪੈਂਦਾ ਹੈ। ਯਥਾ ਗੁਰਵਾਕ—

ਜਿਸ ਨੂੰ ਪਰਤੀਤਿ ਹੋਵੈ ਤਿਸ ਕਾ ਗਾਵਿਆ
ਥਾਇ ਪਵੈ ਸੋ ਪਾਵੈ ਦਰਗਹ ਮਾਨੁ ॥ ਜੋ
ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ
ਮੀਟਦੇ ਉਨ ਕਾ ਉਤਰਿ ਜਾਇਗਾ ਝੂਠੁ
ਗੁਮਾਨੁ ॥੩॥ [੭੩੪]

**ਜਿਨ੍ਹਾਂ ਨੂੰ ਦਰਸ਼ਨ ਦੀ ਪਰਤੀਤ ਹੀ ਨਹੀਂ, ਉਹਨਾਂ ਨੂੰ ਦਰਸ਼ਨ ਦੀ ਚਾਹ, ਦਰਸ਼ਨ ਦੀ ਸਿੱਕ ਭੀ ਨਹੀਂ। ਤਿਨ੍ਹਾਂ ਨੂੰ ਦਰਸ਼ਨ ਦੀ ਪ੍ਰਾਪਤੀ ਕਿਥੇ? ਤਿਨ੍ਹਾਂ ਦਾ ਗੁਰੂ ਗੁਣ ਗਾਵਣਾ, ਭਾਉ ਭਗਤੀ ਕਮਾਵਣਾ ਅਤੇ ਗੁਰਪੁਰਬ ਮਨਾਵਣਾ ਕਿਸ ਲੇਖੇ? ਦਰਸ਼ਨ ਦੇ ਇਸ ਸਿੱਕ-ਭਿੰਨੇ ਮਨੋਰਥ ਨੂੰ ਮੁਖ ਰਖੇ ਬਿਨਾਂ ਕਿਸੇ ਹੋਰ ਦੂਤੀ ਮਨੋਰਥ ਨੂੰ ਮੁਖ ਰਖ ਕੇ ਗੁਰਪੁਰਬ ਮਨਾਵਣਾ ਗੁਰੂ ਸੇਤੀ ਕਪਟ ਕਮਾਵਣਾ ਹੈ।** ਕੀ ਇਹ ਕਪਟ ਨਹੀਂ? ਕਿ ਉਂਜ ਤਾਂ ਅਖੀਂ ਮੀਟ ਮੀਟ ਕੇ ਇਸ ਬਿਧ ਮਧੁਰ ਸੁਰ ਦੁਆਰਾ ਅਲਾਪਨ ਕੀਤਾ ਜਾਵੇ ਕਿ "ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ।" ਪਰੰਤੂ ਗੁਰੂ ਦੇ ਜਗਤ ਵਿਖੇ ਚਾਨਣਾ ਕਰਨ ਵਾਲੇ ਦਰਸ਼ਨ ਗੁਰੂ ਦੇ ਧੁੰਧ ਮਿਟਾਵਣ ਵਾਲੇ ਦਰਸ਼ਨ ਦੀ ਸਿੱਕ-ਭਿੰਨੀ ਪਰਤੀਤ ਭੀ ਨਾ ਉਪਜੀ ਹੋਵੇ। ਗੁਰਬਾਣੀ ਗਾਵਣਾ ਗੁਣੀ ਦਾ ਗੁਣਾਨਵਾਦ ਕਰਨਾ ਹੈ। ਗੁਣ ਅਤੇ ਗੁਣੀ ਵਿਚ ਭੇਦ ਨਹੀਂ। ਭੇਦ ਹੈ ਤਾਂ ਗੁਣਾਨਵਾਦ ਕਰਨਹਾਰੇ ਦੀ ਬਿਰਤੀ ਕਰਕੇ ਹੈ। ਜੇ ਬਿਰਤੀ ਗੁਣਾਂ ਵਿਚ ਲੀਨ ਨਹੀਂ ਹੋਈ ਤਾਂ ਗੁਣੀ ਦੇ ਸਰੂਪ ਦੀ ਲਖਤਾ ਕਿਥੋਂ? ਪਰੰਤੂ ਗੁਣ ਗਾਇਨ ਦੁਆਰਾ ਹੀ ਓੜਕ ਬਿਰਤੀ ਦੀ ਲੀਨਤਾ ਅਤੇ ਗੁਣੀ ਦੀ ਲਖਤਾ ਹੀ ਸੰਭਵ ਹੈ। ਇਹੋ ਤਾਂ ਗੁਰਬਾਣੀ ਅੰਦਰ ਚੁੰਬਕ ਸ਼ਕਤੀ ਵਾਲਾ ਅਸਰ ਹੈ। ਤਦ ਹੀ ਤਾਂ ਕਲੀਕਾਲ ਵਿਖੇ ਕੀਰਤਨ ਪਰਧਾਨ ਰਖਿਆ ਗਿਆ ਹੈ ਅਤੇ ਏਸੇ ਕਰਕੇ ਹੀ ਗੁਰੂ ਵਲੋਂ ਗੁਰਸਿਖ ਪ੍ਰਤੀ ਇਹ ਹੁਕਮ ਹੈ ਕਿ—

ਗੁਰਬਾਣੀ ਗਾਵਹੁ ਭਾਈ ॥
ਓਹ ਸਫਲ ਸਦਾ ਸੁਖਦਾਈ ॥

ਗੁਰਬਾਣੀ ਦਾ ਗਾਵਣਾ ਤਾਂ ਹਰ ਹਾਲਤ ਵਿਚ ਸਫਲ ਸੁਖਦਾਇਕ ਹੈ। ਇਸ ਨੇ ਓੜਕ ਨੂੰ ਫਲ-ਦਾਇਕ ਜ਼ਰੂਰ ਹੋਣਾ ਹੈ, ਆਹਲੀ ਕਦੇ ਨਹੀਂ



www.AKJ.Org

ਜਾਣਾ। ਪਰ ਏਤਨਾ ਵਿਚਾਰ ਲੈਣਾ ਤਾਂ ਅਸਾਡਾ ਆਪਣਾ ਧਰਮ ਹੈ ਕਿ ਜਿਨ੍ਹਾਂ ਗੁਣਾਂ ਨੂੰ ਗੁਰਬਾਣੀ ਗਾਉਂਦੀ ਹੈ, ਉਹ ਗੁਣ ਗੁਣੀ ਪਰਮਾਤਮਾ ਦੇ ਹਨ। ਤਿਸ ਗੁਣੀ ਨੂੰ ਮੁਖ ਰਖ ਕੇ ਗੁਣ ਗਾਵਣਾ ਹੀ ਗੁਣਕਾਰੀ ਹੈ। ਗੁਰਬਾਣੀ ਗਾਉਣ ਲਗੇ ਗੁਣਾਂ ਵਲ ਬਿਰਤੀ ਨਾ ਦੇਣਾ, ਗੁਣੀ ਤੇ ਗੁਣਾਂ ਨੂੰ ਕੁਥਾਉਂ ਘਟਾਉਣਾ ਹੈ। ਗੁਰਬਾਣੀ ਗਾਉਂਦੇ ਹੋਏ ਬਿਰਤੀ ਨੂੰ ਗੁਰਬਾਣੀ ਵਿਚ ਨਾ ਰਖਣਾ ਦਸਦਾ ਹੈ ਕਿ ਅਸਾਡੀ ਬਿਰਤੀ ਦੇ ਸਨਮੁਖ ਕੋਈ ਹੋਰ ਸਰੂਪ ਹੈ, ਜੋ ਗੁਣੀ ਦੇ ਸਰੂਪ ਤੋਂ ਭਿੰਨ ਹੈ। ਇਹ ਗੁਣੀ ਦੀ ਅਨਿੰਨ ਉਪਾਸ਼ਨਾ ਨਹੀਂ, ਸਗੋਂ ਦੁਰੰਗੀ, ਦੁਚਿਤੀ, ਦੁਬਾਜਰੀ, ਦੁਤੀਏ ਭਾਵ ਦੇ ਮੇਲ ਮਿੱਸ ਵਾਲੀ ਪਾਜਲ ਉਪਾਸ਼ਨਾ ਹੈ; ਗੁਰੂ ਦੀ ਅਨਿੰਨ ਭਗਤੀ, ਸਚੀ ਪ੍ਰੇਮਾ ਭਗਤੀ ਨਹੀਂ।

**ਦਰਸ਼ਨ ਕਿਵੇਂ ਹੋਵੇ ?**

ਤਦ ਦਰਸ਼ਨ ਦਾ ਚਮਤਕਾਰ ਕਿਉਂ ਕਰ ਪ੍ਰਾਪਤ ਹੋਵੇ ? ਗੁਰੂ ਦਰਸ਼ਨ ਦੀ ਪ੍ਰਾਪਤੀ ਨੂੰ ਪਰਤੀਤ ਸੰਯੁਕਤ ਅਤੇ ਸਿਕ ਪੂਰਬਕ ਗੁਰਬਾਣੀ ਅਤੇ ਨਾਮ ਸੰਗ ਇਕ-ਤਾਰ ਜੁਟੇ ਰਹਿਣਾ ਜੋਤਿ ਸਰੂਪੀ ਦਿਬ ਜੋਤਿ ਦੇ ਦਰਸ਼ਨਾਂ ਦੇ ਪ੍ਰਾਪਤ ਕਰਾਵਣ ਨੂੰ ਅਵੱਸ਼ ਸਮਰਥ ਹੈ। ਜੋ ਸਦੀਵੀ ਨਾਮ ਜਪਦੇ ਹਨ, ਤਿਨ੍ਹਾਂ ਦੇ ਘਟ ਵਿਖੇ ਤਾਂ ਗੁਰੂ ਦੀ ਜਾਗਤ ਜੋਤਿ ਹਰ ਦਮ ਹੀ ਜਾਗਦੀ ਹੈ। ਉਹ ਤਾਂ ਹਰ ਦਮ ਸਰਬ ਸਮੇਂ, ਸਰਬ ਥਾਂ ਹੀ ਦਰਸ਼ਨਾਂ ਦੀ ਮਸਤੀ ਵਿਚ ਮਸਤ ਹਨ ਅਤੇ ਨਾਮ ਦੇ ਰੰਗ ਵਿਚ ਰੰਗੇ ਜਾ ਕੇ ਨਾਮੀ ਨਾਲ ਅਭੇਦ ਰੂਪ ਹੋ ਰਹੇ ਹਨ।

**ਜਾਗਤ ਜੋਤਿ ਦੇ ਦਰਸ਼ਨ—**

ਪ੍ਰੀਤਮ ਦੇ ਪ੍ਰਕਾਸ਼ ਦੇ ਪਰਤਵ ਪ੍ਰਭਾਵ ਅਤੇ ਪ੍ਰਕਾਸ਼ ਦੀ ਜੋਤਿ ਦੇ ਪ੍ਰਤਾਪ ਕਰਕੇ ਜੋਤਿ ਰਸ ਭਿੰਨੇ ਅਤੇ ਦਰਸ-ਜੋਤਿ ਭਿੰਨੜੇ ਲੋਇਣਾਂ ਅਗੇ ਉਜਿਆਰਾ ਹੈ। ਬਾਣੀ ਤੇ ਨਾਮ ਨਾਲ ਨੇਹੁ ਜੋੜਨ ਨਾਲ ਜੋਤਿ ਦੀ ਕਿਰਣ ਪ੍ਰਕਾਸ਼ ਪੈਂਦੀ ਹੈ ਅਤੇ ਫੇਰ ਜਿਉਂ ਜਿਉਂ ਇਹ ਨੇਹ ਵਧਦਾ ਜਾਂਦਾ ਹੈ ਤਿਉਂ ਤਿਉਂ ਜੋਤਿ ਵੀ ਪਸਰਦੀ ਜਾਂਦੀ ਹੈ। ਇਸ ਬਿਧ ਨਾਮ ਦੀ ਲਾਗ ਲਾ ਕੇ ਜੋਤਿ ਸਰੂਪ ਪਾਰਸ ਸਤਿਗੁਰ ਨੇ ਅਨੇਕਾਂ ਹੀ ਪ੍ਰਾਣੀਆਂ ਨੂੰ ਸਚੀ ਪ੍ਰਕਾਸ਼ ਸਰੂਪ ਜੋਤਿ ਦਾ ਉਜਿਆਰਾ ਬਖਸ਼ਿਆ ਅਤੇ ਹੁਣ ਭੀ ਬਖਸ਼ਣਹਾਰ ਹੈ। ਅਗਾਹਾਂ ਨੂੰ ਭੀ ਬਖਸ਼ਣ ਜੋਗ ਹੈ। **ਉਸ ਸੱਚੀ ਜੋਤਿ ਦਾ, ਉਸ ਸਚੇ ਪ੍ਰਕਾਸ਼ ਦਾ ਜਿਨ੍ਹਾਂ ਨੂੰ ਉਜਿਆਰ ਨਹੀਂ ਹੋਇਆ, ਓਹ ਗੁਰਪੁਰਬ ਦਿਹਾੜੇ ਤਾਂ ਜੋਤਿ ਦਾ ਸਚਾ ਰੰਗ, ਮਜੀਠੀ ਰੰਗ ਚਾੜ੍ਹ ਲੈਣ।** ਚਾੜ੍ਹਨ ਦਾ ਹੀਲਾ ਕਰ ਕੇ ਦੇਖ ਲੈਣ। ਹੋਰ ਨਹੀਂ ਤਾਂ ਨਾਮ ਨਾਲ ਹੀ ਨੇਹੁ ਲਾ ਕੇ ਪਰਤਿਆ ਲੈਣ, ਪਰ ਨਾਮ ਨਾਲ ਜੁਟਣ ਤੋਂ ਪਹਿਲਾਂ ਵਿਚਾਰ ਕੇ ਇਹ ਭੀ ਦੇਖ ਲੈਣ ਕਿ ਅਜਿਹੇ ਦੈਵੀ ਦਰਸ਼ਨਾਂ ਦੇ ਤਾਈਂ ਇਕ ਵਾਰ ਆਪਾ ਅਰਪਣਾ ਜ਼ਰੂਰ ਪੈਂਦਾ ਹੈ। ਗੁਰੂ ਨਾਨਕ ਦੇਵ ਜੀ ਆਪਣੇ ਗੁਰਮੁਖ ਪਿਆਰਿਆਂ ਅਤੇ ਭਾਣੇ ਅੰਦਰ ਆਇਆਂ ਨਾਮ ਦੇ ਸੇਵਨਹਾਰੇ ਸਿਖ ਸੇਵਕਾਂ ਨੂੰ ਸਾਂਵੇ ਹੀ ਪਰਗਟ ਹਨ। ਗੁਰਪੁਰਬ ਦਾ ਦਿਨ ਤਾਂ ਤਿਨ੍ਹਾਂ ਸੁਹਾਗਵੰਦੇ ਸੁਰਜਨਾਂ ਦੇ ਸਮੀਪੀ ਮਿਲਾਪ ਦਾ ਦਿਹਾੜਾ ਹੈ, ਜੋ ਭਾਉ ਭਗਤੀ ਦੇ ਵਿਚ ਗੀਧੇ ਹੋਏ ਸਤਿਗੁਰੂ ਨਾਨਕ ਦੇਵ ਦੇ ਓਸ ਦੈਵੀ ਦਰਸ਼ਨ ਨੂੰ ਸਿੱਕਾਂ ਭਰੀ ਲਿਵਤਾਰ ਸਹਿਤ ਲੋਚ ਰਹੇ ਹਨ, ਜਿਸ ਚਮਕਦੇ ਦਰਸ਼ਨ ਦੇ ਸਰੂਪ ਵਿਚ ਗੁਰੂ ਜੀ ਦੀ ਦਿਬ ਜੋਤਿ ਅਜ ਦੇ ਦਿਨ ਭਵਿ-ਭੂਮੀ ਵਿਖੇ ਅਵਤਰੀ ਸੀ, ਜਿਸ ਦੇ ਝਲਕਾਰ ਨੇ ਬਿਜਲੀ ਵਾਲਾ ਚਮਤਕਾਰ ਸੂਰਜ ਮੁਖ ਫੁਲ ਵਤ ਪਰਕਾਸ਼ ਕੇ ਦਰਸ਼ਨ-ਅਧਿਕਾਰੀ ਪ੍ਰੇਮੀਆਂ ਨੂੰ ਇਕ ਵਾਰ ਫਿਰ ਨਿਖਰਵਾਂ ਕਰ ਕੇ ਅਤੇ ਨਿਖਾਰ ਕੇ ਦਿਖਾ ਦੇਣਾ ਹੈ। ਪਰੰਤੂ ਤਿਮਰ ਅਗਿ-ਆਨੀ ਦੀ ਘੁਗੂ ਦ੍ਰਿਸ਼ਟੀ ਨੇ ਅਗੇ ਵਾਂਗੂ ਚੁੰਧਿਆ ਜਾਣਾ ਹੈ ਅਤੇ ਚੁੰਧਿਆਏ ਹੀ ਰਹਿਣਾ ਹੈ।

ਸਤਿ ਸ੍ਰੀ ਅਕਾਲ।

## ਦਿਲੀ ਸਾਲਾਨਾ ਸਮਾਗਮ ਤੇ ਗੁਆਚਾ ਥੈਲਾ

ਪ੍ਰੋ: ਬੇਅੰਤ ਸਿੰਘ ਜੀ ਗਰੇਵਾਲ, 55-C, ਬਾਬਾ ਖੜਕ ਸਿੰਘ ਮਾਰਗ, ਨਵੀਂ ਦਿਲੀ (ਲੰਗਰ ਅਸਥਾਨ) ਪਾਸ ਇਕ ਪਲਾਸਟਕ ਦਾ ਗੁਆਚਾ ਥੈਲਾ ਪੁਜਾ ਹੈ, ਜਿਸ ਉਪਰ "ਓਮ ਸਤ, ਚੌੜਾ ਬਜ਼ਾਰ, ਲੁਧਿਆਨਾ" ਲਿਖਿਆ ਹੋਇਆ ਹੈ। ਇਸ ਥੈਲੇ ਵਿਚ ਕੁਝ ਕੀਮਤੀ ਜ਼ਨਾਨਾ ਸੂਟ ਅਤੇ ਕੁਝ ਹੋਰ ਹੈ। ਸੰਬੰਧਤ ਸਜਣ ਨਿਸ਼ਾਨੀਆਂ ਦੇ ਕੇ ਉਪਰੋਕਤ ਪਤੇ ਤੋਂ ਥੈਲਾ ਮੰਗਵਾ ਲੈਣ।



www.AKJ.Org

# ਕੀ ਇਹ ਦੰਭ ਚਲਦਾ ਰਹੇਗਾ ?

ਵਰਤਮਾਨ ਯੁਗ ਵਿਚ ਸਾਇੰਸ ਅਤੇ ਵਿਦਿਆ ਦੇ ਪਸਾਰ ਦੇ ਬਾਵਜੂਦ, ਆਮ ਜੰਤਾ, ਬਹੁਤਾ ਪੜ੍ਹੇ ਲਿਖੇ ਤੇ ਵਿਦਵਾਨਾਂ ਸਹਿਤ, ਅੰਧ ਵਿਸ਼ਵਾਸ ਅਤੇ ਵਹਿਮਾਂ ਦਾ ਸ਼ਿਕਾਰ ਹੈ, ਜਿਸ ਕਰਕੇ ਸਾਡੇ ਦੇਸ਼ ਵਿਚ ਕਈ ਨਾਵਾਂ ਹੇਠ ਆਪੇ ਬਣੇ ਗੁਰੂਆਂ ਦੀਆਂ ਦੁਕਾਨਾਂ ਚਲ ਰਹੀਆਂ ਹਨ। ਉਹਨਾਂ ਦੇ ਏਜੰਟ ਉਹਨਾਂ (ਕਥਿਤ ਗੁਰੂਆਂ) ਨੂੰ ਮਹਾਂਪੁਰਸ਼, ਅੰਤਰ-ਯਾਮੀ, ਮੁਕਤੀ-ਦਾਤਾ ਆਦਿ ਦਸ ਕੇ ਭੋਲੀ ਭਾਲੀ ਜੰਤਾ ਅਤੇ ਚੰਗੇ ਪੜ੍ਹੇ ਲਿਖੇ ਸੱਜਨਾਂ ਨੂੰ ਵੀ ਗੁਮਰਾਹ ਕਰ ਰਹੇ ਹਨ। ਇਤਿਹਾਸ ਦਸਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਗੁਰਗਦੀ ਤੇ ਬੈਠਣ ਤੋਂ ਪਹਿਲੇ ਬਾਬਾ ਬਕਾਲਾ ਵਿਚ ਬਾਈ ਗੁਰੂ ਬਣ ਬੈਠੇ ਸਨ। ਪਰ ਸੁਜਾਨ ਭਾਈ ਮੱਖਣ ਸ਼ਾਹ ਨੇ ਸੱਚੇ ਗੁਰੂ ਦੀ ਭਾਲ ਕਰ ਲਈ। ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਪਰਗਟ ਕਰ ਕੇ ਗੁਰਗੱਦੀ ਤੇ ਸੁਭਾਇਮਾਨ ਕੀਤਾ ਤੇ ਸਾਰੇ ਪਾਖੰਡੀਆਂ ਦਾ ਪਾਜ ਉਘੜ ਗਿਆ।

ਇਸੇ ਪ੍ਰਕਾਰ ਅੱਜ ਜਦੋਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਸ-ਪਾਤਸ਼ਾਹੀਆਂ ਦਾ ਆਤਮਕ ਸਰੂਪ ਗੁਰਗੱਦੀ ਤੇ ਬਿਰਾਜਮਾਨ ਹਨ, ਤਾਂ ਭੀ ਸੈਂਕੜੇ ਵਿਅਕਤੀ ਸਿਖ ਸਰੂਪ ਵਿਚ ਗੁਰਬਾਣੀ ਦਾ ਆਸਰਾ ਲੈ ਕੇ ਗੁਰੂ ਬਣ ਬੈਠੇ ਹਨ। ਉਹਨਾਂ ਕੋਲ ਆਪਣੀ ਕੋਈ ਬਾਣੀ ਨਹੀਂ, ਆਸਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਲੈਂਦੇ ਹਨ। ਸ੍ਰੀ ਗੁਰੂ ਅਮਰ ਦਾਸ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਸ਼ਬਦ, ਜੋ ਉਹਨਾਂ ਗੁਰੂ-ਮਿਲਾਪ ਦੀ ਤਾਂਘ ਜਾਂ ਮਿਲਾਪ ਹੋਣ ਤੇ ਸ਼ੁਕਰਾਨੇ ਵਜੋਂ ਉਚਾਰਨ ਕੀਤੇ ਹੋਏ ਹਨ, ਦੀ ਓਟ ਲੈ ਕੇ ਪਰਚਾਰ ਆਪਣਾ ਕਰਦੇ ਹਨ ਤੇ ਸਿਧ ਕਰਦੇ ਹਨ ਕਿ ਦੇਹਧਾਰੀ ਗੁਰੂ ਬਿਨਾਂ ਈਸ਼ਵਰ ਦਾ ਮਿਲਾਪ ਨਹੀਂ ਹੋ ਸਕਦਾ। ਉਹਨਾਂ ਦੇ ਏਜੰਟ ਆਪਣੇ ਸੁਆਰਥ ਲਈ ਆਮ ਜੰਤਾ ਵਿਚ ਪ੍ਰਚਾਰ ਕਰ ਕੇ ਸਾਧਾਂ ਸੰਤਾਂ ਨੂੰ ਸੱਚਾ ਗੁਰੂ ਸਾਬਤ ਕਰਦੇ ਹਨ। ਇਸ ਆੜ ਵਿਚ ਜੰਤਾ ਨੂੰ ਲੁਟਦੇ ਤੇ ਅਸਲੀਅਤ ਤੋਂ ਦੂਰ ਲੈ ਜਾਂਦੇ ਹਨ। ਇਹ ਲੋਕ ਡੇਰੇ ਬਣਾ ਕੇ ਕਾਰਾਂ ਕੋਠੀਆਂ ਦਾ ਅਨੰਦ ਮਾਣ ਰਹੇ ਹਨ।

ਇਸ ਪ੍ਰਕਾਰ ਦੇ ਲੋਕਾਂ ਨੇ ਜਿੰਨੀ ਢਾਹ ਖਾਲਸਾ ਪੰਥ ਨੂੰ ਲਾਈ ਹੈ ਇਤਨਾ ਨੁਕਸਾਨ ਹੋਰ ਕਿਸੇ ਧਰਮ ਜਾਂ ਫਿਰਕੇ ਦਾ ਨਹੀਂ ਹੋਇਆ। ਆਪਣੇ ਡੇਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਜ਼ਰੂਰ ਕਰਦੇ ਹਨ, ਦੋ ਵੇਲੇ ਕੀਰਤਨ ਵੀ ਹੁੰਦਾ ਹੈ, ਪਰ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਆਪ ਗੁਰੂ ਬਣ ਕੇ ਮੱਥੇ ਟਿਕਾਂਦੇ ਹਨ। ਆਪਣੇ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਸ੍ਰੇਸ਼ਟ ਤੇ ਉਚਾ ਜ਼ਾਹਿਰ ਕਰਦ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਭੀ ਕਰਦੇ, ਪਰ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਉਹਨਾਂ ਦੇ ਸ਼ਿਸ਼ (ਜੋ ਗੁਰਸਿਖ ਸਦਾਂਦੇ ਹਨ) ਅੰਧ ਵਿਸ਼ਵਾਸੀ, ਭਾਵ ਅੱਖਾਂ ਤੋਂ ਅੰਨ੍ਹੇ ਹੋ ਕੇ ਮਥੇ ਟੇਕਦੇ ਹਨ। ਇਹਨਾਂ ਪਖੰਡੀ ਲੋਕਾਂ ਬਾਰੇ ਹੀ ਭਾਈ ਗੁਰਦਾਸ ਜੀ ਨੇ ਲਿਖਿਆ ਹੈ "ਸਤਿਗੁਰ ਸਾਹਿਬ ਛਡ ਕੇ ਮਨਮੁਖ ਹੋਇ ਬੰਦੇ ਦਾ ਬੰਦਾ।" ਸਾਨੂੰ ਸਭ ਤੋਂ ਵਧੇਰੇ ਉਹਨਾਂ ਸਿਖ ਸਰੂਪ ਵਾਲੇ ਸੰਤਾਂ ਤੇ ਅਫ਼ਸੋਸ ਹੈ ਜੋ ਪਰਚਾਰ ਤਾਂ ਕਰਦੇ ਹਨ ਗੁਰੂ ਨਾਨਕ ਦੇ ਮਿਸ਼ਨ ਦਾ, ਪਰ ਅੰਦਰੋਂ ਆਪਣੀ ਸਿਖੀ ਸੇਵਕੀ ਚਲਾ ਕੇ, ਆਮ ਲੋਕਾਂ ਨੂੰ ਸਿਖ ਧਰਮ ਦੇ ਸਿਧਾਂਤਾਂ ਤੋਂ ਉਲਟ ਦੇਹਧਾਰੀ ਕਥਿਤ ਗੁਰੂ ਵਲ ਲੈ ਜਾਂਦੇ ਹਨ। ਕਈ ਗੁਰੂ ਘਰ ਦੇ ਨਾਮ ਲੇਵਾ ਦੇ ਰੂਪ ਵਿਚ ਜੰਤਾ ਨੂੰ ਭੁਲੇਖੇ ਵਿਚ ਪਾ ਕੇ ਉਨ੍ਹਾਂ ਦੇ ਡੇਰਿਆਂ ਤੇ ਜਾਣ ਲਈ ਪਰੇਰਦੇ ਹਨ।

ਗੁਰਸਿਖਾ ਨੂੰ ਇਹਨਾਂ ਪਾਖੰਡੀ ਲੋਕਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਕੋਈ ਪਾਖੰਡੀ ਕਲਗੀ ਲਗਾ ਕੇ ਗੁਰੂ ਬਣਿਆ ਫਿਰਦਾ ਹੈ, ਕੋਈ ਪੂਰਨ ਬ੍ਰਹਮ ਗਿਆਨੀ ਤੇ ਕੋਈ ਪ੍ਰਮੇਸ਼ਵਰ ਰੂਪ ਹੋਣ ਦਾ ਦਾਅਵਾ ਕਰਦਾ ਹੈ। ਅੱਜ ਫਿਰ ਲੋੜ ਹੈ ਭਾਈ ਮੱਖਣ ਸ਼ਾਹ ਵਰਗੇ ਸੁਜਾਨ ਤੇ ਸ਼ਰਧਾਲੂ ਗੁਰਸਿਖਾਂ ਦੀ, ਜੋ ਇਨ੍ਹਾਂ ਪਾਖੰਡੀਆਂ ਦਾ ਪਾਜ ਉਘੇੜ ਸਕਣ।

[ਗੁਰਮਤਿ ਵਿਚਾਰ ਪਤ੍ਰਕਾ, ਜਲੰਧਰ



www.AKJ.Org

# ਸੂਰਾ ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ ਹੇਠ ਲਿਖੇ ਅਮਾਨਤੀ ਲਾਈਫ਼ ਮੈਂਬਰ ਬਣੇ ਹਨ । ਸਭ ਦੀਆਂ ਸੌ ਸੌ ਰੁਪਏ ਦੀਆਂ ਐਫ਼ ਡੀਆਂ ਦੇ ਨੰਬਰ ਹੇਠ ਲਿਖੇ ਅਨੁਸਾਰ ਹਨ :–

| | | | | |
|---|---|---|---|---|
| 160. | ਸ: ਦਰਸ਼ਨ ਸਿੰਘ ਜੀ | (ਚਿਟ ਨੰਬਰ 258) | 210791/1664/76 | ਮਿਤੀ 11.10.76 |
| 161. | N/Sub. ਗੁਰਮੇਲ ਸਿੰਘ ਹੰਸ | ( ,, ,, 1298) | 210792/1665/76 | ,, |
| 162. | ਸ: ਕਰਤਾਰ ਸਿੰਘ ਜੀ | ( ,, ,, 1755) | 210793/1666/76 | ,, |
| 163. | ਸ: ਦਵਿੰਦਰ ਸਿੰਘ ਫ਼ੋਰਮੈਨ ਮਕੈ: | ( ,, ,, 1935) | 210794/1667/76 | ,, |
| 164. | ਸ: ਲਾਭ ਸਿੰਘ ਮਾਨ ਸਿੰਘ | ( ,, ,, 441) | 210795/1668/76 | ,, |
| 165. | ਸ: ਬਰਕਤ ਸਿੰਘ ਜੀ | ( ,, ,, 1982) | 210796/1669/76 | ,, |
| 166. | ਸ: ਗੁਰਬਖਸ਼ ਸਿੰਘ ਇੰਦਰਜੀਤ ਸਿੰਘ | ( ,, ,, 244) | 210797/1670/76 | ,, |
| 167. | ਬੀਬੀ ਜੋਗਿੰਦਰ ਕੌਰ ਜੀ ਟੀਚਰੈਸ | ( ,, ,, 1988) | 210798/1671/76 | ,, |
| 168. | ਸ: ਸੰਤੋਖ ਸਿੰਘ ਜੀ | ( ,, ,, 209) | 210799/1672/76 | ,, |
| 169. | ਸ: ਹਰਮਿੰਦਰ ਸਿੰਘ ਜੀ | ( ,, ,, 45) | 210800/1673/76 | ,, |
| 170. | ਸ: ਅਵਤਾਰ ਸਿੰਘ ਜੀ | ( ,, ,, 180) | 210901/1674/76 | ,, |
| 171. | ਸ: ਸਤਪਾਲ ਸਿੰਘ ਛਾਬੜਾ | ( ,, ,, 170) | 210902/1675/76 | ,, |
| 172. | ਸ: ਅਮਰ ਸਿੰਘ ਜੀ | ( ,, ,, 700) | 210903/1676/76 | ,, |
| 173. | ਸ: ਹਰਵਿੰਦਰ ਸਿੰਘ S/o ਸ: ਆਤਮਾ ਸਿੰਘ | ( ,, ,, 94) | 210904/1677/76 | ,, |
| 174: | ਡਾ: ਮੋਹਨ ਸਿੰਘ ਹੋਮਿਉਪੈਥਿਕ | ( ,, ,, 375) | 210905/1678/76 | ,, |
| 175. | ਨਾਇਕ ਗੁਰਦੇਵ ਸਿੰਘ ਜੀ ਮਾਹਲ | ( ,, ,, 620) | 210906/1679/76 | ,, |
| 176. | ਬੀ: ਗੁਰਚਰਨ ਕੌਰ c/o ਮੋਹਨ ਕਰਾਕਰੀ ਸਟੋਰ | ( ,, ,, 1976) | 210907/1680/76 | ,, |
| 177. | ਸ: ਗੁਰਚਰਨ ਸਿੰਘ ਜੀ ਤਨੇਜਾ | ( ,, ,, 3177) | 210957/1730/76 | ਮਿਤੀ 26.10.76 |
| 178. | ਸ: ਖਜ਼ਾਨ ਸਿੰਘ ਜੀ | ( ,, ,, 3178) | 210958/1731/76 | ,, |
| 179. | ਸ: ਦਲੀਪ ਸਿੰਘ ਜੀ | ( ,, ,, 3179) | 210959/1732/76 | ,, |

ਸਾਲ ਦੇ ਸਾਲ ਚੰਦਾ ਭੇਜਣ ਦੀ ਖੇਚਲ ਤੋਂ ਬਚਣ ਲਈ ਇਕੋ ਵਾਰ ਸੌ ਰੁਪਏ ਭੇਜ ਕੇ ਅਮਾਨਤੀ ਲਾਈਫ ਮੈਂਬਰ ਬਣ ਜਾਉ । ਇਹ ਰਕਮ ਸਦਾ ਆਪ ਦੀ ਅਮਾਨਤ ਹੈ, ਕੇਵਲ ਸੂਦ 'ਸੂਰਾ' ਪੱਤਰ ਨੇ ਚੰਦੇ ਵਲੋਂ ਲੈਣਾ ਹੈ ।

ਪਰਦੇਸਾਂ ਲਈ —ਸਮੁੰਦਰੀ ਡਾਕ–250/- ਹਵਾਈ ਡਾਕ ਵਖ ਵਖ–500/-, 650/-, 750/-

---

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | |
|---|---|
| ਬੀਬੀ ਹਰਮਿੰਦਰ ਕੌਰ ਜੀ ਯੂ. ਕੇ. ਵਲੋਂ | 15-64 |
| ਸ: ਸ਼ਗਾਰਾ ਸਿੰਘ ਜੀ ਗੋਪਾਲਪੁਰ ਵਲੋਂ | 11-00 |
| ਸ: ਅਜੀਤ ਸਿੰਘ ਜੀ ਨਵੀਂ ਦਿਲੀ ਵਲੋਂ ਆਪਣੇ ਸਪੁਤਰ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 11-00 |
| ਗਿ: ਗੋਪਾਲ ਸਿੰਘ ਮਿੱਤਰ ਮਾਲਬ ਵਲੋਂ ਆਪਣੇ ਪਿਤਾ ਗਿ: ਹਰਨਾਮ ਸਿੰਘ ਜੀ ਦੀ ਯਾਦ ਵਿਚ | 5-00 |
| ਸ: ਹਰਸੇਵ ਸਿੰਘ ਜੀ ਸੈਣੀ ਦਿਲੀ ਵਲੋਂ ਟਰੈਕਟਾਂ ਦੀ ਛਪਾਈ ਨਮਿਤ | 11-00 |
| ਮੈਸਰਜ਼ ਨਰਿੰਦਰ ਮੈਟਲ ਸਟੋਰ ਵਲੋਂ ਆਪਣੇ ਪਿਤਾ ਭਾ: ਪ੍ਰਤਾਪ ਸਿੰਘ ਦੇ ਅੰਤਮ ਭੋਗ ਸਮੇਂ | 11-00 |
| ਭਾ: ਹੀਰਾ ਨੰਦ ਕਰਤਾਰ ਸਿੰਘ ਜੀ ਫਿਰੋਜ਼ਪੁਰ ਛਾਉਣੀ ਵਲੋਂ | 5-00 |
| ਬੀਬੀ ਕਰਤਾਰ ਕੌਰ ਜੀ ਅੰਮ੍ਰਿਤਸਰ ਵਲੋਂ ਆਪਣੇ ਪਤੀ ਸ: ਅੱਛਰ ਸਿੰਘ ਜੀ ਦੇ ਅੰਤਮ ਭੋਗ ਸਮੇਂ | 51-00 |
| ਇਕ ਸਜਣ ਜੀ ਵਲੋਂ ਟਰੈਕਟ–ਫੰਡ ਲਈ | 25-00 |
| ਸਰਦਾਰਨੀ ਹਰਬੇਲ ਸਿੰਘ ਜੀ ਅੰਮ੍ਰਿਤਸਰ ਵਲੋਂ ਪੋਤਰੇ ਦੇ ਜਨਮ ਦੇ ਅਖੰਡਪਾਠ ਭੋਗ ਸਮੇਂ | 51-00 |
| ਸ: ਸੁਰਜੀਤ ਸਿੰਘ ਜੀ ਬਰਮਿੰਘਮ | 57-48 |
| ਸ: ਗੁਰਚਰਨ ਸਿੰਘ ਜੀ ਨਵੀਂ ਦਿਲੀ ਵਲੋਂ ਬਚੀ ਸੰਤੋਸ਼ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 11-00 |

www.AKJ.Org

# ਸਲਾਨਾ ਨਿਰੰਕਾਰੀ ਗੁਰਪੁਰਬ ਜਲੰਧਰ ਵਿਖੇ—ਸੋਧ ਕਰ ਲਵੋ ਜੀ

## *ਪ੍ਰੋਗਰਾਮ ਲਾਇਲਪੁਰ ਖਾਲਸਾ ਹਾਇਰ ਸਕੈਂਡਰੀ ਸਕੂਲ ਵਿਖੇ ਹੋਣਗੇ*

ਅਕਤੂਬਰ ਦੇ ਪਰਚੇ ਵਿਚ ਪੁਜੇ ਹੁਕਮ ਅਨੁਸਾਰ ਇਹ ਪ੍ਰੋਗਰਾਮ ਗ਼ਲਤ ਛਪ ਗਿਆ ਸੀ। ਪਰ ਉਹ ਪ੍ਰੋਗਰਾਮ ਲਾਇਲਪੁਰ ਖਾ: ਹਾ: ਸ: ਸਕੂਲ ਵਿਖੇ ਹੋਣੇ ਹਨ। ਸੋਧ ਲਵੋ ਜੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸ਼ਵ ਦੇ ਸੰਬੰਧ ਵਿਚ ਇਹ ਮਹਾਨ ਕੀਰਤਨ ਪ੍ਰੋਗਰਾਮ ਲਾਇਲਪੁਰ ਖਾਲਸਾ ਹਾਇਰ ਸਕੈਂਡਰੀ ਸਕੂਲ ਵਿਖੇ ਹੋ ਰਹੇ ਹਨ। ਸਮੂਹ ਸੰਗਤਾਂ ਲਾਇਲਪੁਰ ਖਾ: ਸਕੂਲ ਵਿਚ ਪ੍ਰੋਗਰਾਮ ਅਨੁਸਾਰ ਧਾਈਆਂ ਕਰ ਕੇ ਪੁਜਣ :—

੪. ੧੧. ੭੬—ਅੰਮ੍ਰਿਤ ਵੇਲੇ ਆਸਾ ਦੀ ਵਾਰ ਉਪਰੰਤ ੬ ਵਜੇ ਸ੍ਰੀ ਅਖੰਡਪਾਠ ਅਰੰਭ
੫. ੧੧. ੭੬—ਸ਼ੁਕਰਵਾਰ ਸਵੇਰੇ ੫ ਤੋਂ ੧੨ ਅਖੰਡ ਕੀਰਤਨ
ਸ਼ਾਮ ੭ ਤੋਂ ੯ ਅਖੰਡ ਕੀਰਤਨ
੬. ੧੧. ੭੬—ਸਵੇਰੇ ੬ ਵਜੇ ਭੋਗ ਸ੍ਰੀ ਅਖੰਡ ਪਾਠ, ਉਪਰੰਤ ਇਕ ਵਜੇ ਦੁਪਹਿਰ ਤਕ ਅਖੰਡ ਕੀਰਤਨ
ਸ਼ਾਮ ੪ ਵਜੇ ਅੰਮ੍ਰਿਤ-ਸਿੰਚਾਰ ਲਾਇਲਪੁਰ ਖਾ: ਹਾ: ਸਕੈਂਡਰੀ ਸਕੂਲ ਵਿਖੇ
ਰਾਤ ੮ ਵਜੇ ਰੈਣ-ਸਬਾਈ ਕੀਰਤਨ ਅਰੰਭ, ਭੋਗ ਐਤਵਾਰ ਸਵੇਰੇ

ਨੋਟ :—ਸਾਰਾ ਪ੍ਰੋਗਰਾਮ ਤੇ ਰਿਹਾਇਸ਼ ਆਦਿ ਲਾਇਲਪੁਰ ਖਾ: ਹਾ: ਸੈ: ਸਕੂਲ, ਨਕੋਦਰ ਰੋਡ ਵਿਖੇ ਹੋਵੇਗਾ।

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜੱਥਾ, ਜਲੰਧਰ

# ਨੌਵੇਂ ਪਾਤਸ਼ਾਹ ਜੀ ਦੇ ਸ਼ਹੀਦੀ ਗੁਰਪੁਰਬ ਗੁ: ਪਾ: ੬ ਬੰਗਾ ਵਿਖੇ

## *੨੫ ਨਵੰਬਰ ਵੀਰਵਾਰ ਤੋਂ ੨੮ ਨਵੰਬਰ ਐਤਵਾਰ ਸਵੇਰ ਤਕ ਹੋਣਗੇ*

ਇਲਾਕੇ ਦੀਆਂ ਸਮੂਹ ਸੰਗਤਾਂ ਨੇ ਫ਼ੈਸਲਾ ਕੀਤਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਹਰ ਸਾਲ ਗੁਰਦੁਆਰਾ ਚਰਨ ਕੰਵਲ ਪਾ: ੬ ਬੰਗਾ ਵਿਖੇ ਮਨਾਇਆ ਜਾਵੇ। ਇਸ ਅਨੁਸਾਰ ਐਤਕੀ ਇਹ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋ ਰਹੇ ਹਨ :—

੨੫. ੧੧. ੭੬—ਵੀਰਵਾਰ ਸਵੇਰੇ ਅਖੰਡ ਕੀਰਤਨ ਉਪਰੰਤ ਅਰੰਭ ਸ੍ਰੀ ਅਖੰਡਪਾਠ
੨੭. ੧੧. ੭੬—ਸ਼ਨੀਵਾਰ ਸਵੇਰੇ ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ਤਕ ਅਖੰਡ ਕੀਰਤਨ
ਸ਼ਾਮ ੪ ਵਜੇ ਅੰਮ੍ਰਿਤ-ਸਿੰਚਾਰ ਸਮਾਗਮ . ਰਾਤ ਨੂੰ ਰੈਣ-ਸ਼ਬਾਈ ਕੀਰਤਨ, ਭੋਗ ਐਤਵਾਰ ਸਵੇਰੇ

ਨੋਟ :—ਗੁ: ਚਰਨ ਕੰਵਲ ਪਾ: ੬ ਬੰਗਾ (ਫਗਵਾੜਾ-ਨਵਾਂ ਸ਼ਹਿਰ ਰੋਡ ਉਤੇ) ਮੇਨ ਰੋਡ ਤੇ ਹੈ।
ਪੁਛ ਗਿਛ ਲਈ—ਹਰਬੰਸ ਸਿੰਘ ਤੇਗ ਮੈਨੇਜਰ, ਗੁ: ਚਰਨ ਕੰਵਲ, ਬੰਗਾ (ਜਲੰਧਰ)


## *ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ*

| | | | |
|---|---|---|---|
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੩-੦੦ | ਗੁਰਮਤਿ ਬਿਬੇਕ | ੭-੫੦ |
| ਗੁਰਮਤਿ ਸਚ ਨਿਰਣੈ | ੬-੦੦ | ਗੁਰਮਤਿ ਗੌਰਵਤਾ | ੭-੦੦ |
| ਝਟਕਾ ਮਾਸ ਪ੍ਰਥਾਇ ਤਤ ਨਿਰਣੈ | ੩-੦੦ | ਦਰਸ਼ਨ ਝਲਕਾਂ | ੨-੫੦ |
| ਗੁਰਮਤਿ ਰਮਜ਼ਾ | ੧-੩੦ | ਅੰਮ੍ਰਿਤ ਕੀ ਹੈ ? | ੨-੦੦ |
| ਗੁਰਮਤਿ ਨਾਮ ਅਭਿਆਸ ਕਮਾਈ ੪-੫੦, | ੬-੫੦ | ਉਮਰ ਕੈਦੀ ਦਾ ਸੁਪਨਾ | ੦-੨੫ |
| ਕੋ ਵਿਰਲਾ ਗੁਰਮਤਿ ਚਲੈ ਜੀਉ | ੦-੨੦ | ਸਿਖ ਕੌਣ ਹੈ ? | ੦-੨੦ |
| ਸੱਚੀਆਂ ਦਾੜ੍ਹੀਆਂ | ੦-੨੦ | | |

ਮੰਗਾਣ ਦੇ ਪਤੇ :—

੧. ਭਾਈ ਰਣਧੀਰ ਸਿੰਘ ਪਬਲਸ਼ਿੰਗ ਹਾਊਸ, 126 ਮਾਡਲ ਟਾਊਨ, ਲੁਧਿਆਣਾ (ਜਾਂ)
੨. 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ।


www.AKJ.Org